ISSN 0972-2335

# ਅੰਮ੍ਰਿਤ ਕੀਰਤਨ



ਡਾ. ਜਸਬੀਰ ਕੌਰ

ਆਨਰੇਰੀ ਸੰਪਾਦਕ
ਡਾ. ਜਾਗੀਰ ਸਿੰਘ

ਮਾਰਚ 2022

ਮੁੱਲ 15/-



## ਪਿਆਸੀ ਰੂਹ

ਸੁਫਨੇ ਦੇ ਵਿਚ ਵੇਖਾਂ ਮਾਹੀ,
ਖੜਾ ਮਿਲਣ ਲਈ ਬਾਹਾਂ ਪਸਾਰ।

ਗਦ ਗਦ ਹੋਇਆ ਮਾਰ ਹੁਲਾਰੇ,
ਮੰਨ ਵਿਚ ਆਈ ਸੋਹਲ ਵਿਚਾਰ।

ਅਗਾਹਾਂ ਹੋ ਕੇ ਕੀਤਾ ਤਰਲਾ,
ਗਲਵੱਕੜੀ ਲਈ ਹੋਈ ਤਿਆਰ।

ਨਹੀਂ ਪਰਛਾਵੇਂ ਬਿਨ ਕੁਝ ਮਿਲਿਆ,
ਨਦੀ ਪਰਛਾਵਾਂ ਐਵੇਂ ਡਿੱਠਾ, ਜਿਉਂ ਰੇਤੇ ਦੀ ਧਾਰ ।

## A CRYING SOUL

I had His glimpse in a blissful dream,
standing with outstretched arms to meet.

In ecstasy my heart swung and swayed,
to the core was filled with thoughts sweet.

Stepping forward I humbly entreated,
stay O Dear, for a while !
And leapt ahead to Him embrace.

Found nothing, but a shadow shining
as sand in the water surface.

**ਪੁਸਤਕ – ਗੁੱਝੀਆਂ ਰਮਜਾਂ: ਕਵੀ ਸੁਰਗਵਾਸੀ ਸੰਤ ਸੰਤੋਖ ਸਿੰਘ**

# ਅੰਮ੍ਰਿਤ ਕੀਰਤਨ


ਸੰਪਾਦਕ (ਆਨਰੇਰੀ)

**ਡਾ. ਜਾਗੀਰ ਸਿੰਘ**

ਐਮ.ਏ. (ਸੰਗੀਤ, ਪੰਜਾਬੀ, ਧਾਰਮਿਕ ਅਧਿਐਨ), ਪੀਐਚ. ਡੀ

**ਸਹਿਯੋਗੀ**

ਸ. ਹਰਭਜਨ ਸਿੰਘ ਅਤੇ ਸ. ਨਵਤੇਜ ਸਿੰਘ


- ਲੇਖਾਂ ਵਿੱਚ ਪ੍ਰਗਟਾਏ ਵਿਚਾਰ ਲੇਖਕਾਂ ਦੇ ਨਿੱਜੀ ਹਨ। ਇਨ੍ਹਾਂ ਨਾਲ ਸੰਪਾਦਕ ਜਾਂ ਅੰਮ੍ਰਿਤ ਕੀਰਤਨ ਟ੍ਰਸਟ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।
- 'ਅੰਮ੍ਰਿਤ ਕੀਰਤਨ' ਡਾਇਰੈਕਟਰ ਸਿੱਖਿਆ ਵਿਭਾਗ ਪੰਜਾਬ, ਚੰਡੀਗੜ੍ਹ ਦੇ ਪੱਤਰ ਨੰ: ੪/੮/੯੦ ਮਿਤੀ ੨੦/੨/੯੧ ਅਨੁਸਾਰ ਰਾਜ ਦੇ ਸੀਨੀਅਰ ਸੈਕੰਡਰੀ ਸਕੂਲਾਂ ਦੀਆਂ ਲਾਇਬ੍ਰੇਰੀਆਂ ਲਈ ਪ੍ਰਵਾਨਿਤ ਹੈ।

## ਚੰਦੇ ਦਾ ਵੇਰਵਾ

- ਦੇਸ਼: ਇਕ ਕਾਪੀ :15 ਰੁਪਏ
- ਦੇਸ਼ ਸਾਲਾਨਾ ਚੰਦਾ : 150 ਰੁਪਏ
- ਜੀਵਨ ਮੈਂਬਰ ਚੰਦਾ: 1500 ਰੁਪਏ
- ਵਿਦੇਸ਼ : ਸਲਾਨਾ ਚੰਦਾ INR1500
- 'ਅੰਮ੍ਰਿਤ ਕੀਰਤਨ' ਲਈ ਡਰਾਫਟ, ਮਾਇਕ ਸਹਾਇਤਾ, ਚਿੱਠੀ-ਪੱਤਰ ਅਤੇ ਰਚਨਾਵਾਂ ਭੇਜਣ ਲਈ ਪਤਾ:-


**ਅੰਮ੍ਰਿਤ ਕੀਰਤਨ ਟ੍ਰਸਟ (ਰਜਿ.)**

422, ਸੈਕਟਰ 15-ਏ, ਚੰਡੀਗੜ੍ਹ 160 015

ਫੋਨ : 0172-2772660, 098140 53630

e-mail: drjagirsingh@gmail.com

Website : http://www.amritkirtan.com



ਡਾ. ਜਾਗੀਰ ਸਿੰਘ, ਪ੍ਰਧਾਨ 'ਅੰਮ੍ਰਿਤ ਕੀਰਤਨ ਟ੍ਰਸਟ' ਨੇ

**ਸਿਰਜਣਾ ਪ੍ਰਿੰਟਰਜ਼ ਅਤੇ ਸਟੇਸ਼ਨਰਜ਼**

ਸ਼ੋਅਰੂਮ ਨੰ: 443, ਮਟੌਰ, ਸੈਕਟਰ 70, ਮੁਹਾਲੀ

(ਫੋਨ :0172-4782705, 98150-72197) ਤੋਂ ਛਪਵਾ ਕੇ

422, ਸੈਕਟਰ 15-ਏ, ਚੰਡੀਗੜ੍ਹ ਤੋਂ ਪ੍ਰਕਾਸ਼ਿਤ ਕੀਤਾ।


## ਇਸ ਅੰਕ ਵਿਚ


ਪਿਆਸੀ ਰੂਹ
ਕਵੀ ਸੁਰਗਵਾਸੀ ਸੰਤ ਸੰਤੋਖ ਸਿੰਘ ਟਾ-2

ਸੰਪਾਦਕੀ : ਕਰਉ ਬੇਨੰਤੀਆ -
ਪੜ੍ਹੀਆਂ ਸੁਣੀਆਂ 2

ਪਹਿਲੀ ਸ਼੍ਰੋਮਣੀ ਰਾਗੀ — ਡਾਕਟਰ ਜਸਬੀਰ ਕੌਰ
ਤੀਰਥ ਸਿੰਘ ਢਿੱਲੋਂ 3

ਓਅੰਕਾਰੁ ਬਾਣੀ : ਸੰਗੀਤਕ ਪਰਿਪੇਖ
ਡਾ. ਗੁਰਨਾਮ ਸਿੰਘ 6

ਪੰਜਾਬ ਘਰਾਣੇ ਦੇ ਪਖਾਵਜ ਦੀ ਵਿਲੱਖਣਤਾ
ਪ੍ਰੋ. ਹਰਭਜਨ ਸਿੰਘ ਧਾਰੀਵਾਲ 10

ਤਿੰਨ ਤਾਲ ਕਾਇਦਾ ਸੀਰੀਜ
ਪ੍ਰੋਫੈਸਰ ਹਰਭਜਨ ਸਿੰਘ ਧਾਰੀਵਾਲ
(ਲਾਹੌਰ ਬਾਜ ਪੰਜਾਬ ਘਰਾਣਾ) 19


Donations to **AMRIT KIRTAN TRUST** are eligible for relief u/s 80 G of Income-Tax Act, 1961 (43 of 1961) vide CIT/-I/ CHD/ Tech./ 80-G/ 2008-939 dated 19-05-2008 valid upto 31/03/2012 and now valid in perpetuity, Cheques/Drafts should be sent in the name of **AMRIT KIRTAN TRUST** payable at Mohali. Donations can also be sent by money order at the address **AMRIT KIRTAN TRUST** (Regd.) 422, Sector 15-A, Chandigarh-160015. The Donations can be made by Electronic Transfer also. The bank details are : **AMRIT KIRTAN TRUST** Saving Bank A/c No. 65079603302, IFSC : SBIN0018141 in the State Bank of India, Phase 3B2, Mohali Punjab Branch. After such a Deposit, please inform us your Name and Address as also the deposit details to enable us to send you the receipt.

# ਕਰਉ ਬੇਨੰਤੀਆ

## ਪੜ੍ਹੀਆਂ ਸੁਣੀਆਂ

ਇਕ ਪੁਸਤਕ ਪੜ੍ਹ ਰਿਹਾ ਹਾਂ–Living an inspiring life, by Dr.Wayne W. Dyer ਇਸ ਵਿੱਚ ਲੇਖਕ ਇੱਕ ਹੋਰ ਪੁਸਤਕ ਦਾ ਜ਼ਿਕਰ ਕਰਦਾ ਹੈ। Anthony De Mello ਦੀ ਪੁਸਤਕ The Heart of the Enlightened ਵਿਚੋਂ ਉਹ ਇਕ ਕਹਾਣੀ ਬਿਆਨ ਕਰਦਾ ਹੈ। –

ਇੱਕ ਸ਼ਿਸ਼ ਗੁਰੂ ਦੇ ਚਰਨ ਛੂਹਣ ਲਈ ਝੁਕਿਆ ਤਾਂ ਗੁਰੂ ਨੇ ਇਕ ਮੰਤਰ ਉਸ ਦੇ ਕੰਨ ਵਿੱਚ ਹੋਲੀ ਜਿਹੇ ਉਚਾਰਿਆ। ਤੇ ਨਾਲ ਹੀ ਚਿਤਾਵਨੀ ਦਿਤੀ ਕਿ ਇਹ ਮੰਤਰ ਅੱਗੇ ਕਿਸੇ ਨੂੰ ਨਹੀਂ ਦੱਸਣਾ। ਸ਼ਿਸ਼ ਨੇ ਪੁੱਛਿਆ ਕਿ ਜੇ ਇਹ ਮੰਤਰ ਮੈਂ ਕਿਸੇ ਹੋਰ ਦੱਸ ਦਿਤਾ ਤਾਂ ਕੀ ਹੋਵੇਗਾ?

ਗੁਰੂ ਨੇ ਕਿਹਾ, ਜਿਹੜਾ ਇਸ ਮੰਤਰ ਨੂੰ ਸੁਣੇਗਾ ਉਸ ਦੇ ਦੁੱਖਾਂ ਕਲੇਸ਼ਾਂ ਦਾ ਨਾਸ ਹੋ ਜਾਵੇਗਾ ਪਰ ਮੈਂ ਤੈਨੂੰ ਇਸ ਅਵੱਗਿਆ ਲਈ ਮੈਂ ਆਪਣੇ ਆਸ਼ਰਮ ਤੋਂ ਬਾਹਰ ਕਰ ਦੇਵਾਂਗਾ। ਇਹ ਸੁਣਦਿਆਂ ਹੀ ਸ਼ਿਸ਼ ਸ਼ਹਿਰ ਦੇ ਬਾਜ਼ਾਰ ਵਿੱਚ ਚਲਾ ਗਿਆ ਅਤੇ ਲੋਕਾਂ ਨੂੰ ਉੱਚੀ ਉੱਚੀ ਮੰਤਰ ਸੁਣਾਉਣ ਲੱਗ ਪਿਆ।

ਜਦੋਂ ਇਹ ਗੱਲ ਗੁਰੂ ਦੇ ਹੋਰ ਚੇਲਿਆਂ ਨੂੰ ਪਤਾ ਲੱਗੀ ਤਾਂ ਉਹਨਾਂ ਨੇ ਗੁਰੂ ਕੋਲ ਸ਼ਿਕਾਇਕ ਕੀਤੀ ਤੇ ਚੇਲੇ ਨੂੰ ਆਸ਼ਰਮ ਵਿੱਚੋਂ ਖਾਰਜ ਕਰਨ ਲਈ ਕਹਿਣ ਲੱਗੇ। ਗੁਰੂ ਨੇ ਕਿਹਾ ਕਿ ਉਸ ਚੇਲੇ ਨੇ ਆਪ ਗੁਰੂ ਦਾ ਦਰਜਾ ਪ੍ਰਾਪਤ ਕਰ ਲਿਆ ਹੈ। ਹੁਣ ਉਸ ਨੂੰ ਕਿਸੇ ਗੁਰੂ ਦੀ ਲੋੜ ਨਹੀਂ ਤੇ ਨਾ ਹੀ ਇਸ ਆਸ਼ਰਮ ਵਿੱਚ ਰਹਿਣ ਦੀ। --------

ਦੂਜੀ ਕਥਾ ਹਰਪਾਲ ਸਿੰਘ ਪੰਨੂ ਜੀ ਨੇ ਆਪਣੀ ਇੱਕ ਵਾਰਤਾ ਸੁਣਾਈ।

ਉਹਨਾਂ ਦੱਸਿਆ ਕਿ ਇੱਕ ਵਾਰ ਡਾਕਟਰ ਹਰਭਜਨ ਸਿੰਘ ਦਿੱਲੀ ਯੂਨੀਵਰਸਟੀ ਵਾਲੇ ਪੰਜਾਬੀ ਯੂਨੀਵਰਸਟੀ ਵਿਦਿਆਰਥੀਆਂ ਨੂੰ ਲੈਕਚਰ ਦੇਣ ਆਏ ਸਨ। ਉਹਨਾਂ ਨੇ ਆਪਣੀ ਗੱਲ ਇੱਕ ਲੋਕ ਕਹਾਣੀ ਤੋਂ ਸ਼ੁਰੂ ਕੀਤੀ।

ਇੱਕ ਵਾਰ ਇੱਕ ਰਾਜਕੁਮਾਰ ਨੇ ਇਕ ਸ਼ਹਿਰ ਤੇ ਜਿੱਤ ਪ੍ਰਾਪਤ ਕੀਤੀ। ਜਦੋਂ ਉਹ ਉਥੇ ਦੇ ਮਹਿਲ ਵਿੱਚ ਗਿਆ ਤਾਂ ਉਥੇ ਸੰਗਮਰਮਰ ਦੀ ਇੱਕ ਖੂਬਸੂਰਤ ਮੂਰਤੀ ਵੇਖੀ। ਰਾਜਕੁਮਾਰ ਨੇ ਖੁਸ਼ੀ ਭਰੀ ਹੈਰਾਨੀ ਨਾਲ ਉਸ ਮੂਰਤੀ ਨੂੰ ਸਪਰਸ਼ ਕੀਤਾ ਤਾਂ ਉਹ ਮੂਰਤੀ ਇੱਕ ਖੂਬਸੂਰਤ ਰਾਜਕੁਮਾਰੀ ਦੇ ਰੂਪ ਵਿੱਚ ਪਰਵਰਤਿਤ ਹੋ ਗਈ।

ਰਾਜਕੁਮਾਰੀ ਨੇ ਦੱਸਿਆ ਕਿ ਮੂਰਤੀ ਕਲਾਕਾਰ ਨੇ ਵਰਦਾਨ ਦਿੱਤਾ ਸੀ ਕਿ ਕਦੀ ਕੋਈ ਰਾਜਕੁਮਾਰ ਆਵੇਗਾ ਜਿਹੜਾ ਆਪਣੀ ਛੂਹ ਨਾਲ ਤੈਨੂੰ ਜ਼ਿੰਦਾ ਕਰ ਦੇਵੇਗਾ।

ਕਹਾਣੀ ਸੁਣਾ ਕੇ ਡਾਕਟਰ ਹਰਭਜਨ ਸਿੰਘ ਕਹਿਣ ਲੱਗੇ–

ਵਿਦਿਆਰਥੀਓ, ਤੁਹਾਡੀ ਲਾਇਬ੍ਰੇਰੀ ਵਿੱਚ ਲੇਖਕਾਂ ਦੀਆਂ ਕਿਤਾਬਾਂ ਰੂਪੀ ਅਨੇਕਾਂ ਰਾਜਕੁਮਾਰੀਆਂ ਪਈਆਂ ਹੋਈਆਂ ਹਨ। ਉਹ ਤੁਹਾਡੀ ਛੂਹ ਨੂੰ ਲੋਚਦੀਆਂ ਹਨ। ਤੁਸੀਂ ਉਹਨਾਂ ਨੂੰ ਪੜ੍ਹੋ। ਵੇਖੋ ਜੇ ਕਿਵੇਂ ਉਹ ਤੁਹਾਡੇ ਜੀਵਨ ਨੂੰ ਸਾਰਥਕ ਤੇ ਖੁਸ਼ਹਾਲ ਬਣਾ ਦਿੰਦੀਆਂ ਹਨ। ----

ਭੁੱਲ ਚੁੱਕ ਖਿਮਾ

# ਪਹਿਲੀ ਸ਼੍ਰੋਮਣੀ ਰਾਗੀ — ਡਾਕਟਰ ਜਸਬੀਰ ਕੌਰ ਪਟਿਆਲਾ

**ਤੀਰਥ ਸਿੰਘ ਢਿੱਲੋਂ**

ਕੁਦਰਤ , ਕਲਮ ਅਤੇ ਕੰਠ ਦੀ ਬਖ਼ਸ਼ੀਸ਼ ਕਿਸੇ ਵਿਰਲੀ ਪਾਕ ਰੂਹ ਤੇ ਹੀ ਕਰਦੀ ਹੈ ਅਤੇ ਜਿਸ ਰੂਹ ਤੇ ਇਹ ਬਖ਼ਸ਼ੀਸ਼, ਇਹ ਮਿਹਰ , ਇਹ ਰਹਿਮਤ ਹੋ ਜਾਵੇ , ਉਹ ਰੂਹ ਬਹੁਤ ਉੱਚੀ—ਸੁੱਚੀ ਅਵਸਥਾ ਨੂੰ ਪ੍ਰਾਪਤ ਕਰ ਲੈਂਦੀ ਹੈ । ਅਜਿਹੀਆਂ ਹਸਤੀਆਂ ਕੁੱਲ ਲੋਕਾਈ ਲਈ ਪ੍ਰੇਰਨਾ ਦਾ ਸਰੋਤ ਬਣਦੀਆਂ ਹਨ । ਹਥਲੇ ਲੇਖ ਵਿੱਚ ਅਸੀਂ ਤੁਹਾਡੀ ਸਾਂਝ ਪੁਵਾ ਰਹੇ ਹਾਂ , ਸੁਰਾਂ ਦੀ ਸ਼ਹਿਜ਼ਾਦੀ ਅਤੇ ਗੁਰਮਤਿ ਸੰਗੀਤ ਦੀ ਪ੍ਰਕਾਂਡ ਵਿਦਵਾਨ , ਉੱਚ ਕੋਟੀ ਦੀ ਕੀਰਤਨਕਾਰ , ਖ਼ੋਜੀ , ਚਿੰਤਕ ਅਤੇ ਲੇਖਿਕਾ ਡਾਕਟਰ ਜਸਬੀਰ ਕੌਰ ਪਟਿਆਲਾ ਨਾਲ ।

ਡਾਕਟਰ ਜਸਬੀਰ ਕੌਰ ਦਾ ਜਨਮ ਜ਼ਿਲ੍ਹਾ ਜਲੰਧਰ ਦੇ ਪਿੰਡ ਰਸੂਲਪੁਰ ਵਿੱਚ ਪਿਤਾ ਸਰਦਾਰ ਪ੍ਰੀਤਮ ਸਿੰਘ ਦੇ ਘਰ ਮਾਤਾ ਗੁਰਸ਼ਰਨ ਕੌਰ ਦੀ ਸੁਲੱਖਣੀ ਕੁੱਖੋਂ ਹੋਇਆ । ਪਰਿਵਾਰ ਦੀ ਰੁਚੀ ਧਾਰਮਿਕ ਹੋਣ ਕਾਰਨ ਬਚਪਨ ਤੋਂ ਹੀ ਜਸਬੀਰ ਕੌਰ ਗੁਰਬਾਣੀ ਨਾਲ ਜੁੜ ਗਏ ਸਨ । ਉੱਠਦਿਆਂ ਬੈਠਦਿਆਂ ਉਹ ਗੁਰਬਾਣੀ ਦੀਆਂ ਤੁਕਾਂ ਗੁਣਗੁਣਾਉਂਦੇ ਰਹਿੰਦੇ । ਇਸੇ ਲਗਨ ਸਦਕਾ ਉਨ੍ਹਾਂ ਨੇ ਸੰਗੀਤ ਦੇ ਖੇਤਰ ਵਿੱਚ ਕਦਮ ਰੱਖਣ ਦਾ ਫ਼ੈਸਲਾ ਕੀਤਾ ਅਤੇ ਗੁਰੂ ਨਾਨਕ ਦੇਵ ਯੂਨੀਵਰਸਿਟੀ , ਅੰਮ੍ਰਿਤਸਰ ਤੋਂ ਐਮ. ਏ. ਦੀ ਡਿਗਰੀ ਪ੍ਰਾਪਤ ਕੀਤੀ । ਉਪਰੰਤ ਪੰਜਾਬ ਯੂਨੀਵਰਸਿਟੀ , ਚੰਡੀਗੜ੍ਹ ਤੋਂ ਪੀ. ਐੱਚ. ਡੀ. ਦੀ ਡਿਗਰੀ ਹਾਸਲ ਕੀਤੀ । ਡਾਕਟਰ ਜਸਬੀਰ ਕੌਰ ਦੀ ਸ਼ਖ਼ਸੀਅਤ ਏਡੀ ਵਿਲੱਖਣ ਅਤੇ ਪ੍ਰਤਿਭਾਸ਼ਾਲੀ ਹੈ ਕਿ ਉਨ੍ਹਾਂ ਨੂੰ ਹਿੰਦੁਸਤਾਨੀ ਸ਼ਾਸਤਰੀ ਸੰਗੀਤ , ਗੁਰਮਤਿ ਸੰਗੀਤ , ਸੂਫ਼ੀ ਸੰਗੀਤ ਅਤੇ ਲੋਕ ਸੰਗੀਤ , ਇਹਨਾਂ ਸਾਰੀਆਂ ਵੰਨਗੀਆਂ ਤੇ ਇੱਕੋ ਜਿਹੀ ਮੁਹਾਰਤ ਹਾਸਲ ਹੈ । ਉਨ੍ਹਾਂ ਦੀ ਆਵਾਜ਼ ਦਮਦਾਰ , ਮਿੱਠੜੀ ਅਤੇ ਰੂਹਾਂ ਦੇ ਧੁਰ ਅੰਦਰ ਲੈ ਜਾਣ ਵਾਲੀ ਹੈ ।

ਡਾਕਟਰ ਜਸਬੀਰ ਕੌਰ ਦੀ ਵੱਡੀ ਦੇਣ ਜਿਹੜੀ ਸੁਨਹਿਰੀ ਅੱਖਰਾਂ ਵਿੱਚ ਲਿਖਣ ਯੋਗ ਹੈ , ਉਹ ਹੈ — ਉਨ੍ਹਾਂ ਵੱਲੋਂ ਸੰਤ ਸੁੱਚਾ ਸਿੰਘ ਜੀ ਜਵੱਦੀ ਕਲਾਂ ਵਾਲਿਆਂ ਦੇ ਹੁਕਮ ਤੇ ਫੁੱਲ ਚੜ੍ਹਾਉਂਦਿਆਂ ਓਥੇ ਵਿਦਿਆਰਥੀਆਂ ਨੂੰ ਗੁਰਮਤਿ ਸੰਗੀਤ ਦੀ ਸਿਖਲਾਈ ਦੇਣ ਦੀ ਸੇਵਾ ਨੂੰ ਨਿਸ਼ਕਾਮ ਭਾਵਨਾ ਨਾਲ ਸੰਭਾਲਣਾ । ਉਨ੍ਹਾਂ ਦੇ ਨਾਲ ਮਹਾਨ ਸੰਗੀਤਕਾਰ ਉਸਤਾਦ ਜਸਵੰਤ ਸਿੰਘ ਭੰਵਰਾ ਅਤੇ ਹੋਰਨਾਂ ਨੇ ਵੀ ਇਹ ਸੇਵਾ ਬਾਖ਼ੂਬੀ ਨਿਭਾਈ । 1991 ਵਿੱਚ ਹੋਏ ਪਹਿਲੇ ਅਦੁੱਤੀ ਗੁਰਮਤਿ ਸੰਗੀਤ ਸੰਮੇਲਨ ਤੋਂ ਲੈ ਕੇ ਅੱਜ ਤੱਕ ਉਹ ਜਵੱਦੀ ਟਕਸਾਲ ਨਾਲ ਜੁੜੇ ਹੋਏ ਹਨ । ਓਥੇ ਹੋਣ ਵਾਲੀ ਹਰ ਸਰਗਰਮੀ ਚਾਹੇ ਸਾਲਾਨਾ ਸੰਮੇਲਨ ਹੋਵੇ , ਸੰਤ ਸੁੱਚਾ ਸਿੰਘ ਜੀ ਦੀ ਬਰਸੀ ਹੋਵੇ , ਸੰਗੀਤ ਵਰਕਸ਼ਾਪਾਂ ਹੋਣ ਤੇ ਜਾਂ ਫਿਰ ਸੈਮੀਨਾਰ , ਇਹਨਾਂ ਸਾਰਿਆਂ ਵਿੱਚ ਡਾਕਟਰ ਜਸਬੀਰ ਕੌਰ ਦੀ ਮੋਹਰੀ ਭੂਮਿਕਾ ਹੁੰਦੀ ਹੈ । ਟਕਸਾਲ ਦੇ ਮੌਜੂਦਾ ਮੁਖੀ ਸੰਤ ਅਮੀਰ ਸਿੰਘ ਆਪ ਦਾ ਬਹੁਤ ਮਾਣ ਸਨਮਾਨ ਕਰਦੇ ਹਨ ।

ਗੁਰਮਤਿ ਸੰਗੀਤ ਦੇ ਖੇਤਰ ਵਿੱਚ ਉਨ੍ਹਾਂ ਵੱਲੋਂ ਮਾਰੀਆਂ ਮੱਲ੍ਹਾਂ ਦੀ ਗੱਲ ਕਰਦੇ ਹਾਂ । ਉਹ ਪਹਿਲੇ ਕੀਰਤਨਕਾਰ ਹਨ , ਜਿਨ੍ਹਾਂ ਨੇ ਜਵੱਦੀ ਕਲਾਂ ਵਿੱਚ ਹੁੰਦੇ ਸੰਮੇਲਨਾਂ ਸਮੇਂ ਦਸਮ ਗ੍ਰੰਥ ਦੀ ਬਾਣੀ , ਸਰਬ ਲੋਹ ਦੀ ਬਾਣੀ , ਰਾਗਮਾਲਾ ਦੇ ਰਾਗ ਅਤੇ ਗੁਰੂ ਗ੍ਰੰਥ ਸਾਹਿਬ ਵਿਚਲੇ ਰਾਗਾਂ ਦੇ ਗਾਇਨ ਦੇ ਨਾਲ ਨਾਲ , ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਲੋਕ ਸੰਗੀਤ ਦੀਆਂ ਵੰਨਗੀਆਂ ਜਿਵੇਂ ਘੋੜੀਆਂ , ਅਲਾਹੁਣੀਆਂ , ਛੰਤਾਂ , ਕਰਹਲੇ  ਆਦਿ ਦਾ ਜਿਸ ਖ਼ੂਬਸੂਰਤੀ ਨਾਲ

ਗਾਇਨ ਕੀਤਾ ਉਸ ਨੂੰ ਸਰੋਤੇ ਕਦੇ ਨਹੀਂ ਭੁਲਾ ਸਕਣਗੇ । ਉਨ੍ਹਾਂ ਨੇ ਰਾਗਮਾਲਾ ਵਿਚਲੇ ਰਾਗ ਦੇਸਾਖ , ਮੇਵਾਰਾ , ਪੰਚਮ , ਅਸਲੇਖੀ ਅਤੇ ਸੁਰਮਾਨੰਦ ਵਰਗੇ ਅਤਿ ਬਿਖੜੇ ਅਤੇ ਅਪ੍ਰਚਲਿਤ ਰਾਗਾਂ ਦਾ ਵੀ ਬਾਖ਼ੂਬੀ ਗਾਇਨ ਕੀਤਾ । ਭਾਈ ਹਰਜਿੰਦਰ ਸਿੰਘ ਜਿੰਦਾ ਅਤੇ ਭਾਈ ਸੁਖਦੇਵ ਸਿੰਘ ਸੁੱਖਾ ਨੂੰ ਫਾਂਸੀ ਲੱਗਣ ਵਾਲੇ ਸ਼ਹੀਦੀ ਦਿਹਾੜੇ ਤੇ ਉਨ੍ਹਾਂ ਨੇ ਜਵੱਦੀ ਕਲਾਂ ਵਿਖੇ ਜਿਸ ਵੈਰਾਗਮਈ ਢੰਗ ਨਾਲ ਅਲਾਹੁਣੀਆਂ ਦਾ ਗਾਇਨ ਕੀਤਾ , ਉਸ ਨੂੰ ਸੁਣ ਕੇ ਹਰ ਅੱਖ ਨਮ ਹੋ ਗਈ । ਡਾਕਟਰ ਜਸਬੀਰ ਕੌਰ ਨੇ ਸਮੁੱਚੇ ਭਾਰਤ ਦੇ ਵੱਖ ਵੱਖ ਭਾਗਾਂ ਵਿੱਚ ਆਪਣੀ ਕੀਰਤਨ ਕਲਾ ਦਾ ਪ੍ਰਦਰਸ਼ਨ ਕੀਤਾ ਹੈ । ਪਾਕਿਸਤਾਨੀ ਅਵਾਮ ਉਨ੍ਹਾਂ ਦੇ ਬਹੁਤ ਕਦਰਦਾਨ ਹਨ । ਉਹ ਅਕਸਰ ਆਪਣੇ ਸਾਥੀਆਂ ਸਮੇਤ ਪਾਕਿਸਤਾਨ ਜਾਂਦੇ ਰਹਿੰਦੇ ਹਨ ਅਤੇ ਪ੍ਰੋਗਰਾਮਾਂ ਵਿੱਚ ਸ਼ਿਰਕਤ ਕਰਦੇ ਹਨ । ਓਥੇ ਉਨ੍ਹਾਂ ਨੂੰ ਮਰਕਜ਼ੀ ਅਤੇ ਪੰਜਾਬ ਸਰਕਾਰ ਵੱਲੋਂ ਬੜੇ ਮਾਣ ਸਨਮਾਨ ਦੇ ਕੇ ਨਿਵਾਜਿਆ ਗਿਆ ਹੈ । ਉਨ੍ਹਾਂ ਦੇ ਨਾਲ ਉਨ੍ਹਾਂ ਦੀ ਭਣੇਵੀਂ ਗੁਰਸਿਮਰਨ ਕੌਰ (ਪਾਲਕੀ) ਵੀ ਓਥੇ ਆਪਣੇ ਫ਼ਨ ਦਾ ਮੁਜ਼ਾਹਰਾ ਕਰਦੀ ਹੈ । ਡਾਕਟਰ ਜਸਬੀਰ ਕੌਰ ਦੀ ਵੱਡੀ ਦੇਣ ਇਹ ਹੈ ਕਿ ਉਨ੍ਹਾਂ ਦੇ ਯਤਨਾਂ ਸਦਕਾ ਪੰਜਾਬ ਯੂਨੀਵਰਸਿਟੀ ਲਾਹੌਰ ਵਿੱਚ ਗੁਰੂ ਨਾਨਕ ਚੇਅਰ ਸਥਾਪਿਤ ਕੀਤੀ ਗਈ ਹੈ । ਉਨ੍ਹਾਂ ਨੇ ਗੁਰਮੁਖੀ ਅਤੇ ਸ਼ਾਹਮੁਖੀ ਲਿਪੀਆਂ ਵਿੱਚ ਗੁਰੂ ਗ੍ਰੰਥ ਸਾਹਿਬ ਦੇ ਸਰੂਪ ਪਾਕਿਸਤਾਨ ਭੇਜੇ ਹਨ । ਡਾਕਟਰ ਜਸਬੀਰ ਕੌਰ ਨੇ ਦੇਸ਼ ਵਿੱਚ ਰਾਜਧਾਨੀ ਦਿੱਲੀ ਦੇ ਤਾਲਕਟੋਰਾ ਗਾਰਡਨ ਵਿੱਚ ਪੰਜਾਬੀ ਅਕੈਡਮੀ ਦਿੱਲੀ ਵੱਲੋਂ ਕਰਵਾਏ ਸੰਗੀਤ ਸੰਮੇਲਨ , ਗੁਰਦੁਆਰਾ ਸੀਸ ਗੰਜ ਸਾਹਿਬ , ਗੁਰਦੁਆਰਾ ਬੰਗਲਾ ਸਾਹਿਬ , ਗੁਰਦੁਆਰਾ ਰਕਾਬ ਗੰਜ ਸਾਹਿਬ , ਭਾਈ ਵੀਰ ਸਿੰਘ ਸਾਹਿਤ ਸਦਨ , ਨਵੀਂ ਦਿੱਲੀ ਵਿੱਚ ਆਪਣੀ ਮਧੁਰ ਗਾਇਨ ਸ਼ੈਲੀ ਨਾਲ ਸੰਗਤਾਂ ਨੂੰ ਨਿਹਾਲ ਕੀਤਾ । ਇਸ ਤੋਂ ਇਲਾਵਾ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550 ਸਾਲਾ ਪ੍ਰਕਾਸ਼ ਪੁਰਬ ਦੇ ਮੌਕੇ ਤੇ ਉਨ੍ਹਾਂ ਨੇ ਸੁਲਤਾਨਪੁਰ ਲੋਧੀ ਵਿੱਚ ਪੰਜਾਬ ਸਰਕਾਰ ਅਤੇ ਸ਼੍ਰੋਮਣੀ ਕਮੇਟੀ ਵੱਲੋਂ ਕਰਵਾਏ ਉੱਚ ਪੱਧਰੀ ਸਮਾਗਮਾਂ ਵਿੱਚ ਵੀ ਸ਼ਬਦ ਗਾਇਨ ਕੀਤਾ । ਇਸੇ ਤਰ੍ਹਾਂ ਗੁਰੂ ਤੇਗ਼ ਬਹਾਦਰ ਸਾਹਿਬ ਦੇ 400 ਸਾਲਾ ਪ੍ਰਕਾਸ਼ ਪੁਰਬ ਦੇ ਮੌਕੇ ਤੇ ਪੰਜਾਬ ਸਰਕਾਰ ਤੇ ਸ਼੍ਰੋਮਣੀ ਕਮੇਟੀ ਵੱਲੋਂ ਕਰਵਾਏ ਕੀਰਤਨ ਦਰਬਾਰਾਂ ਵਿੱਚ ਵੀ ਕੀਰਤਨ ਦੀ ਛਹਿਬਰ ਲਾਈ । ਪੰਥ ਦੇ ਮਹਾਨ ਕੀਰਤਨੀਏ ਸਵਰਗੀ ਭਾਈ ਦਵਿੰਦਰ ਸਿੰਘ ਵੱਲੋਂ 1979 ਵਿੱਚ ਗੁਰਦਾਸਪੁਰ ਵਿੱਚ ਕਰਵਾਏ ਗਏ ਅਲੌਕਿਕ ਕੀਰਤਨ ਦਰਬਾਰ ਵਿੱਚ ਵੀ ਉਨ੍ਹਾਂ ਆਪਣੀ ਗਾਇਨ ਸ਼ੈਲੀ ਰਾਹੀਂ ਜੱਸ ਖੱਟਿਆ । ਇਸ ਸਮਾਗਮ ਸਮੇਂ ਪੰਜਾਬ ਦੇ ਤਤਕਾਲੀ ਰਾਜਪਾਲ ਸ੍ਰੀ ਪਾਂਡੇ ਵੀ ਖ਼ਾਸ ਤੌਰ ਤੇ ਹਾਜ਼ਰ ਸਨ ।

ਡਾਕਟਰ ਜਸਬੀਰ ਕੌਰ ਕੋਲ ਪਾਰਖੂ ਅੱਖ ਹੈ ਇਸੇ ਲਈ ਉਨ੍ਹਾਂ ਨੂੰ ਗਾਵਹੁ ਸੱਚੀ ਬਾਣੀ , ਭਲੋ ਭਲੋ ਰੇ ਕੀਰਤਨੀਆ ਅਤੇ ਰਾਗ ਰਤਨ ਪਰਿਵਾਰ ਪਰੀਆਂ ਪ੍ਰਤੀਯੋਗਤਾਵਾਂ ਵਿੱਚ ਬਤੌਰ ਜੱਜ ਸੇਵਾ ਨਿਭਾਉਣ ਦਾ ਮੌਕਾ ਮਿਲਿਆ । ਸ਼੍ਰੋਮਣੀ ਕਮੇਟੀ ਵੱਲੋਂ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਢਾਡੀ ਵਾਰਾਂ ਗਾਉਣ ਵਾਲੇ ਢਾਡੀ ਜਥਿਆਂ ਦੀ ਚੋਣ ਡਾਕਟਰ ਜਸਬੀਰ ਕੌਰ ਹੀ ਕਰਦੇ ਹਨ ।

ਬਤੌਰ ਲੇਖਿਕਾ ਪ੍ਰਾਪਤੀਆਂ :—

ਡਾਕਟਰ ਜਸਬੀਰ ਕੌਰ ਕੋਲ ਰਸੀਲੇ ਕੰਠ ਦੇ ਨਾਲ ਨਾਲ ਪੁਰਜ਼ੋਰ ਕਲਮ ਵੀ ਹੈ ਜਿਸ ਸਦਕਾ ਉਨ੍ਹਾਂ ਬਹੁਤ ਉਮਦਾ ਅਤੇ ਉੱਚ ਕੋਟੀ ਦਾ ਸੰਗੀਤਕ ਸਾਹਿਤ ਸਿਰਜਿਆ ਹੈ । ਉਨ੍ਹਾਂ ਨੇ ਵਿਭਾਗੀ ਤੌਰ ਤੇ 78 ਪੁਸਤਕਾਂ ਦਾ ਸੰਪਾਦਨ ਕੀਤਾ , 13 ਪੁਸਤਕਾਂ ਦਾ ਖ਼ੁਦ ਸੰਪਾਦਨ ਕਾਰਜ ਕੀਤਾ , ਕੌਮੀ ਪੱਧਰ ਦੇ 15 ਮੈਗਜ਼ੀਨਾਂ ਦਾ ਸੰਪਾਦਨ ਕੀਤਾ , 5 ਸਿਮਰਤੀ ਗ੍ਰੰਥਾਂ ਦੀ ਰਚਨਾ ਕੀਤੀ , 11 ਵਰਕਸ਼ਾਪਾਂ ਦਾ ਆਯੋਜਨ ਕੀਤਾ ਅਤੇ ਲੋਕ ਸੰਗੀਤ ਦੀਆਂ 4 ਵਰਕਸ਼ਾਪਾਂ ਲਗਾਈਆਂ । ਉਨ੍ਹਾਂ ਨੇ ਤਕਰੀਬਨ 20 ਮੈਗਜ਼ੀਨਾਂ ਲਈ ਲੇਖ ਲਿਖੇ ਤੇ 14 ਵੱਡੀਆਂ ਕਾਨਫ਼ਰੰਸਾਂ ਵਿੱਚ ਹਿੱਸਾ ਲਿਆ । ਇਸ ਦੇ ਨਾਲ ਨਾਲ ਪਿੱਠਵਰਤੀ ਗਾਇਕਾ ਵਜੋਂ ਉਨ੍ਹਾਂ ਨੇ ਸ਼ਹੀਦ ਭਗਤ ਸਿੰਘ ਨਾਮੀ ਨਾਟਕ , ਬਾਬਾ ਬੰਦਾ ਸਿੰਘ ਬਹਾਦਰ ਨਾਟਕ ਅਤੇ ਸੋਹਣੀ ਮਹੀਂਵਾਲ ਨਾਟਕ ਵਿੱਚ ਵੀ ਆਪਣੀ ਆਵਾਜ਼ ਦਿੱਤੀ । ਉਹ ਅਨੇਕਾਂ ਮਾਣ ਮਤੀਆਂ ਸੰਸਥਾਵਾਂ ਦੇ ਅਹੁਦੇਦਾਰ ਹਨ । ਉਨ੍ਹਾਂ ਨੇ 1984 ਦੇ ਦਹਾਕੇ ਦੌਰਾਨ ਸਿੱਖ ਸੰਘਰਸ਼ ਵਿੱਚ ਵੀ ਆਪਣਾ ਯੋਗਦਾਨ ਪਾਇਆ । ਉਨ੍ਹਾਂ ਦੀਆਂ ਮਾਣ ਮਤੀਆਂ ਪ੍ਰਾਪਤੀਆਂ ਨੂੰ ਦੇਖਦੇ ਹੋਏ , ਜਿੱਥੇ ਉਨ੍ਹਾਂ ਨੂੰ ਦੇਸ਼ ਵਿਦੇਸ਼ ਦੀਆਂ ਅਨੇਕਾਂ ਸੰਸਥਾਵਾਂ ਵੱਲੋਂ ਮਾਣ ਸਨਮਾਨ ਅਤੇ ਐਵਾਰਡ ਮਿਲੇ , ਓਥੇ ਪਿੱਛੇ ਜਿਹੇ ਪੰਜਾਬ ਸਰਕਾਰ ਦੇ ਭਾਸ਼ਾ ਵਿਭਾਗ ਨੇ ਉਨ੍ਹਾਂ ਨੂੰ ਸਾਲ 2020 ਲਈ *ਸ਼੍ਰੋਮਣੀ ਰਾਗੀ* ਪੁਰਸਕਾਰ ਵਾਸਤੇ ਚੁਣਿਆ ਹੈ । 5 ਲੱਖ ਰੁਪਏ ਨਗਦ ਰਾਸ਼ੀ ਵਾਲੇ ਇਸ ਸਨਮਾਨ ਲਈ ਚੁਣੇ ਜਾਣ ਵਾਲੇ ਉਹ ਪਹਿਲੇ ਇਸਤਰੀ ਕੀਰਤਨਕਾਰ ਹਨ ।

ਪੰਜਾਬੀ ਯੂਨੀਵਰਸਿਟੀ ਪਟਿਆਲਾ ਵਿੱਚ ਐਸੋਸੀਏਟ ਪ੍ਰੋਫੈਸਰ ਦੇ ਉੱਚ ਅਹੁਦੇ ਤੋਂ ਸੇਵਾ ਮੁਕਤੀ ਉਪਰੰਤ ਉਨ੍ਹਾਂ ਨੂੰ ਉਨ੍ਹਾਂ ਦੀ ਕਾਬਲੀਅਤ , ਕੀਤੇ ਕਾਰਜਾਂ ਅਤੇ ਤਜਰਬੇ ਨੂੰ ਦੇਖਦੇ ਹੋਏ ਗੁਰਮਤਿ ਕਾਲਜ ਪਟਿਆਲਾ ਦੇ ਪ੍ਰਿੰਸੀਪਲ ਦੇ ਵਕਾਰੀ ਅਹੁਦੇ ਤੇ ਨਿਯੁਕਤ ਕੀਤਾ ਗਿਆ ਹੈ , ਜਿੱਥੇ ਕਿ ਉਹ ਵਰਤਮਾਨ ਸਮੇਂ ਸੇਵਾਵਾਂ ਨਿਭਾ ਰਹੇ ਹਨ ।

ਸ਼ਾਲਾ । ਉਹ ਲੰਮੇ ਅਰਸੇ ਤੱਕ ਦੇਸ਼ ਕੌਮ ਦੀ ਨਿਰੰਤਰ ਸੇਵਾ ਕਰਦੇ ਰਹਿਣ ।

**ਮੈਂਬਰ ਕੀਰਤਨ ਸਬ ਕਮੇਟੀ,ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ,**

**ਸ਼੍ਰੀ ਅੰਮ੍ਰਿਤਸਰ ਸਾਹਿਬ , 9815461710**

# ਓਅੰਕਾਰੁ ਬਾਣੀ : ਸੰਗੀਤਕ ਪਰਿਪੇਖ

**ਡਾ.ਗੁਰਨਾਮ ਸਿੰਘ**

ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਪਾਵਨ ਬਾਣੀ ਵਿਚ ਦਰਸਾਏ ਗਏ ਵਿਭਿੰਨ ਰਾਗ, ਗਾਇਨ ਰੂਪ ਤੇ ਸਿਰਲੇਖ/ਸੰਗੀਤਕ ਸੰਕੇਤ ਇਸ ਗ੍ਰੰਥ ਦੀਆਂ ਰਚਨਾਵਾਂ ਦੇ ਵਿਸ਼ਿਸ਼ਟ ਸੰਗੀਤਮਈ ਰਚਨਾ ਹੋਣ ਦਾ ਪਰਮਾਣਿਕ ਪਰਮਾਣ ਹਨ। ਸਮੁੱਚੀ ਬਾਣੀ ਨੂੰ ਨਿਸ਼ਚਿਤ ਸੰਗੀਤ ਵਿਧਾਨ ਦਾ ਅਨੁਸਾਰੀ ਬਣਾਉਣ ਦਾ ਮਨੋਰਥ ਹਰੇਕ ਬਾਣੀ ਦੀ ਗਾਇਨ ਮੁਖੀ ਪ੍ਰਕਿਰਤੀ ਹੈ। ਇਸ ਬਾਣੀ ਦਾ ਸੰਚਾਰ ਸ਼ਬਦ ਕੀਰਤਨ ਦੀ ਜੁਗਤ ਦੁਆਰਾ ਹੋਣਾ ਹੈ। ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਬਾਣੀ ਵਿਚ ਵਿਭਿੰਨ ਕਾਵਿ ਰੂਪਾਂ ਦੇ ਪ੍ਰਯੋਗ ਤੋਂ ਇਲਾਵਾ ਸੰਗੀਤ ਦੀਆਂ ਕਈ ਪ੍ਰਭਾਵਸ਼ਾਲੀ ਜੁਗਤਾਂ ਤੇ ਵਿਧੀਆਂ ਦਾ ਪ੍ਰਯੋਗ ਕੀਤਾ ਗਿਆ ਹੈ ਜੋ ਸਿੱਖ ਧਰਮ ਦੀ ਗੁਰਮਤਿ ਪਰੰਪਰਾ ਦੀ ਮੌਲਿਕਤਾ ਤੇ ਵਿਸ਼ਿਸ਼ਟ ਵਿਗਿਆਨਕਤਾ ਦੇ ਮੂਲ ਅਧਾਰ ਵਜੋਂ ਸਰੂਪਤ ਹੋ ਰਹੀਆਂ ਹਨ।

ਇਸ ਸੰਦਰਭ ਵਿਚ ਗੁਰੂ ਨਾਨਕ ਬਾਣੀ ਦੀ ਰਚਨਾ ਓਅੰਕਾਰੁ ਦਾ ਅਧਿਐਨ ਕਰੀਏ ਤਾਂ ਗੁਰੂ ਨਾਨਕ ਦੇਵ ਜੀ ਦੁਆਰਾ ਲੋਕਾਈ ਨੂੰ ਸੋਧਣ ਹਿਤ ਬਾਣੀ ਦੇ ਸੰਚਾਰ ਲਈ ਪ੍ਰਯੋਗ ਕਈ ਜੁਗਤਾਂ ਤੇ ਵਿਧੀਆਂ ਮੂਰਤੀਮਾਨ ਹੁੰਦੀਆਂ ਹਨ। ਬਾਣੀ ਦੇ ਅਧਿਐਨਕਾਰ ਇਸ ਤੱਥ ਤੋਂ ਭਲੀਭਾਂਤ ਪਰਿਚਤ ਹਨ ਕਿ ਓਅੰਕਾਰੁ ਬਾਣੀ ਦੁਆਰਾ ਗੁਰੂ ਨਾਨਕ ਦੇਵ ਜੀ ਨੇ ਉਨ੍ਹਾਂ ਪੰਡਿਤਾਂ ਨੂੰ ਉਪਦੇਸ਼ ਦਿੱਤਾ ਹੈ ਜੋ ਨਰਬਦਾ ਨਦੀ ਉਤੇ ਸਥਿਤ ਮਹਾਦੇਵ ਦੇ ਓਅੰਕਾਰੁ ਮੰਦਰ (ਨਰਬਦਾ ਤੇ ਦੱਖਣੀ ਕਿਨਾਰੇ ਤੇ ਸਥਿਤ) ਵਿਚ ਅਸਥਾਪਨ ਮੂਰਤੀ ਦੇ ਰੂਪ ਵਿਚ ਪੂਜ ਰਹੇ ਸਨ। ਗੁਰੂ ਸਾਹਿਬ ਨੇ ਓਅੰਕਾਰੁ ਦੇ ਸਰਬ ਵਿਆਪਕ ਪਰਮਾਤਮ ਸਰੂਪ ਦੀ ਉਚਤਾ ਅਤੇ ਮਹਿਮਾਰ ਦਾ ਵਿਖਿਆਨ ਕੀਤਾ ਅਤੇ ਨਾਲ ਹੀ ਉਅੰਕਾਰੁ ਬਾਣੀ ਵਿਚ ਪੱਟੀ ਵਾਗੂੰ ਅੱਖਰਾਂ ਦੀ ਬੁਣਤ ਦੁਆਰਾ

54 ਪਉੜੀਆਂ ਵਿਚ ਉਪਦੇਸ਼ ਦਿੱਤਾ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਓਅੰਕਾਰੁ ਬਾਣੀ ਦਾ ਸਿਰਲੇਖ ਇਸ ਪ੍ਰਕਾਰ ਹੈ :

ੴ ਸਤਿਗੁਰ ਪ੍ਰਸਾਦਿ ਰਾਮਕਲੀ ਮਹਲਾ ੧ ਦਖਣੀ ਓਅੰਕਾਰੁ

ਇਸ ਤੋਂ ਪਹਿਲਾਂ ਅਸੀਂ ਉਕਤ ਸਿਰਲੇਖ ਅਨੁਸਾਰ ਰਾਗ ਰਾਮਕਲੀ ਦਖਣੀ ਵਿਚ ਗੁਰੂ ਨਾਨਕ ਦੇਵ ਜੀ

ਦੁਆਰਾ ਰਚਿਤ ਓਅੰਕਾਰੁ ਬਾਣੀ ਦੀਆਂ ਵਿਭਿੰਨ ਸੰਗੀਤਕ ਜੁਗਤਾਂ ਤੇ ਵਿਧੀਆਂ ਸਬੰਧੀ ਵਿਚਾਰ ਕਰੀਏ ਤਾਂ ਓਅੰਕਾਰੁ ਦੇ ਧੁਨੀਆਤਮਕ ਮਹੱਤਵ ਸਬੰਧੀ ਸੰਖੇਪ ਪਰਿਚਯ ਜ਼ਰੂਰੀ ਪ੍ਰਤੀਤ ਹੁੰਦਾ ਹੈ।

ਓਅੰ ਦਾ ਅਖੰਡ ਬ੍ਰਹਿਮੰਡੀ ਧੁਨੀ ਵਜੋਂ ਵਿਸ਼ੇਸ਼ ਮਹੱਤਵ ਹੈ। ਇਸ ਧੁਨੀ ਦੇ ਨਾਦਾਤਮਕ ਰੂਪ ਨੂੰ ਬ੍ਰਹਮ ਸਰੂਪ ਸਵੀਕਾਰਿਆ ਜਾਂਦਾ ਹੈ ਤੇ ਅਧਿਆਤਮਕ, ਯੋਗ ਤੇ ਸੰਗੀਤ ਦੇ ਖੇਤਰ ਵਿਚ ਇਸ ਦੀ ਵਿਸ਼ੇਸ਼ ਰੂਪ ਵਿਚ ਸਾਧਨਾ ਕੀਤੀ ਜਾਂਦੀ ਹੈ ਜਿਸ ਦੇ ਅਸੀਮ ਗੁਣਾਂ ਦਾ ਵਿਖਿਆਨ ਇਨ੍ਹਾਂ ਦੇ ਸਿਧਾਂਤਕ ਤੇ ਵਿਵਹਾਰਕ ਖੇਤਰਾਂ ਵਿਚ ਉਪਲਬਧ ਹੈ। ਗਾਇਨ ਸੰਗੀਤ ਵਿਚ ਸਵਰ ਸਾਧਨਾ ਲਈ ਓਅੰ ਸ਼ਬਦ ਦਾ ਨਾਦਾਤਮਕ ਮਹੱਤਵ ਇਸ ਦੇ ਅਧਿਆਤਮਕ ਮਹੱਤਵ ਵਾਗੂੰ ਹੀ ਬੁਨਿਆਦੀ ਤੇ ਵਿਸ਼ੇਸ਼ ਮੰਨਿਆ ਜਾਂਦਾ ਹੈ। ਸੰਗੀਤ ਦੀ ਮਹਿਮਾ ਹੀ ਸੁਖਜਨਕ ਨਾਦ ਵਿਸ਼ੇਸ਼ ਵਜੋਂ ਹੈ। ਨਾਦ ਜੋ ਬ੍ਰਹਿਮੰਡ ਦਾ ਵਿਸ਼ੇਸ਼ ਗੁਣ ਹੈ ਦੇ ਦੋ ਰੂਪ ਆਹਤ ਨਾਦ ਅਤੇ ਅਨਾਹਤ ਨਾਦ ਹਨ। ਬ੍ਰਹਿਮੰਡ ਵਿਚ ਨਾਦ ਦਾ ਪਸਾਰਾ ਬਿਨਾ ਕਿਸੇ ਆਘਾਤ, ਚੋਟ ਜਾਂ ਸਪਰਸ਼ ਤੋਂ ਹੈ ਜੋ ਨਾਦ ਦੇ ਇਸ ਵਿਸ਼ੇਸ਼ ਬ੍ਰਹਿਮੰਡੀ ਗੁਣ ਵੱਲ ਸਪੱਸ਼ਟ ਸੰਕੇਤ ਹੈ। ਸਾਡੇ ਸਰੀਰ/ਹਿਰਦੇ ਤੋਂ ਅਨਾਹਤ ਸਵੰਯਭੂ ਨਾਦ ਦੀ ਪ੍ਰਾਪਤੀ ਹੁੰਦੀ ਹੈ। ਇੰਦਰੀਆਂ ਦੀ ਪਕੜ ਵਿਚ ਗ੍ਰਸੇ ਮਾਨਵ ਨੂੰ ਬਾਹਰੀ ਵਿਸ਼ਿਆਂ ਨਾਲੋਂ ਅਲੱਗ ਕਰਕੇ ਅੰਤਰਮੁਖੀ ਬਣਾਉਣ ਵਿਚ ਇਸ ਅਨਹਤ ਧੁਨੀ ਨੂੰ ਜਾਗਰਿਤ ਕਰਨ ਲਈ ਨਾਦ ਸਾਧਨਾ ਦੀ ਵਿਸ਼ੇਸ਼ ਵਿਵਹਾਰਕ ਸਵੀਕ੍ਰਿਤੀ ਹੈ। ਯੋਗੀਆਂ ਵਾਂਗੂੰ ਜਨ-ਸਧਾਰਣ ਲਈ ਇਹ ਅਨੰਦ ਦੇ ਅਨੁਭਵ ਰੂਪੀ ਸੰਗੀਤ ਸਾਧਨ ਦਾ ਮਾਨਵ ਨੂੰ ਵਿਸ਼ੇਸ਼ ਈਸ਼ਵਰੀ ਦੇਣ ਹੈ। ਇਸੇ ਕਰਕੇ ਮਾਨਵ ਨੂੰ ਸੰਗੀਤ ਗ੍ਰੰਥਾਂ ਵਿਚ ਗਾਯਤਰੀ ਵੀਣਾ ਵਜੋਂ ਪ੍ਰਸਤੁਤ ਕੀਤਾ ਗਿਆ ਹੈ। ਗਾਯਤਰੀ ਵੀਣਾ ਭਾਵ ਗਾਇਨ ਕਰਨ ਵਾਲਾ ਇਹ ਸਰੀਰ ਰੂਪ ਸਾਜ਼ ਵੀ ਤਿੰਨ ਸਪਤਕਾਂ ਦਾ ਧਾਰਣੀ ਹੁੰਦਾ ਹੈ। ਸਧਾਰਣ ਭਾਸ਼ਾ ਵਿਚ ਆਮ ਆਵਾਜ਼ ਨੂੰ ਮੱਧ ਸਪਤਕ, ਆਮ ਤੋਂ ਨੀਵੀਂ ਮੋਟੀ ਆਵਾਜ਼ ਨੂੰ ਮੰਦਰ ਸਪਤਕ ਤੇ ਆਮ ਆਵਾਜ਼ ਤੋਂ ਉੱਚੀ, ਤਿੱਖੀ ਆਵਾਜ਼ ਨੂੰ ਤਾਰ ਸਪਤਕ ਆਖਿਆ ਜਾਂਦਾ ਹੈ। ਕੰਠ ਸਾਧਨਾ ਦੇ ਖੇਤਰ ਵਿਚ ਕੰਠ ਵਿਗਿਆਨ ਦੀ ਦ੍ਰਿਸ਼ਟੀ ਤੋਂ ਤਿੰਨੇ ਸਪਤਕਾਂ ਵਿਚ ਆਵਾਜ਼ ਦਾ ਇਕ ਰਸ, ਸਪੱਸ਼ਟ ਤੇ ਬੁਲੰਦ ਹੋਣਾ ਲਾਜ਼ਮੀ ਹੈ। ਕੰਠ ਸਾਧਨਾ ਵਿਚ ਮੰਦਰ ਸਪਤਕ ਦੇ ਖਰਜ ਅਭਿਆਸ ਨੂੰ ਵਿਸ਼ੇਸ਼ ਮਹੱਤਵ ਦਿੱਤਾ ਜਾਂਦਾ ਹੈ। ਨਤੀਜੇ ਵਜੋਂ ਓਅੰ ਦੀ ਧੁਨੀ ਦੀ ਸਾਧਨਾ ਇਕ ਰਸ ਅਖੰਡ ਧੁਨੀ ਦਾ ਫਲ ਦਿੰਦੀ ਹੈ। ਵਿਦਵਾਨਾਂ ਨੇ ਵੀ ਓਅੰ ਦੀ ਧੁਨੀ ਨੂੰ ਇਕ ਰਸ, ਨਿਰੰਤਰ ਧੁਨੀ ਦੇ ਅਰਥਾਂ (ਓਅੰ+ਕਾਰ ਅਰਥਾਤ ਇਕ ਰਸ ਓਅੰ, ਸਰਬ ਵਿਆਪਕ ਓਅੰ, ਸਰਬ

ਵਿਆਪਕ ਪਰਮਾਤਮਾ) ਵਿਚ ਸਵੀਕਾਰਿਆ ਹੈ। ਓਅੰ ਦੇ ਇਨ੍ਹਾਂ ਈਸ਼ਵਰੀ ਗੁਣਾਂ ਕਰਕੇ ਹੀ ਨਾਦ ਨੂੰ ਬ੍ਰਹਮ ਦੇ ਰੂਪ ਵਿਚ ਚਿਤਵਿਆ, ਵਿਚਾਰਿਆ ਤੇ ਸਵੀਕਾਰਿਆ ਜਾਂਦਾ ਹੈ। ਸੰਗੀਤ ਵਿਚ ਨਾਦ ਤੋਂ ਭਾਵ ਇਕ ਰਸ ਅਖੰਡ ਧੁਨੀ ਹੀ ਹੈ। ਇਸ ਤਰ੍ਹਾਂ ਓਅੰਕਾਰ ਬਾਣੀ ਵਿਚ ਪ੍ਰਗਟਾਏ ਓਅੰ ਦੇ ਦਾਰਸ਼ਨਿਕ ਅਧਾਰਾਂ ਦੇ ਨਾਲ ਨਾਲ ਓਅੰ ਦਾ ਪਰਮਾਣਿਕ ਧੁਨੀ ਮੂਲਕ ਅਧਿਆਤਮਕ ਆਧਾਰ ਵੀ ਆਪਣੇ ਆਪ ਵਿਚ ਵਿਸ਼ਿਸ਼ਟ ਮਹੱਤਵ ਰੱਖਦਾ ਹੈ, ਜਿਸ ਦੀ ਅਧਿਆਤਮਕ ਤੌਰ ਤੇ ਹਿੰਦੂ ਧਰਮ ਤੇ ਦਰਸ਼ਨ ਵਿਚ ਵਿਸ਼ੇਸ਼ ਮਾਨਤਾ ਹੈ।

ਓਅੰਕਾਰੁ ਬਾਣੀ ਵਿਚ ਓਅੰਕਾਰੁ ਨੂੰ ਪਰਮਾਤਮਾ ਰੂਪ ਵਿਚ ਪ੍ਰਸਤੁਤ ਕਰਦਿਆਂ ਉਸ ਨੂੰ ਦੁਨਿਆਵੀ ਸਥੂਲ ਮੂਰਤ ਦੀ ਬਜਾਏ ਸਰਬਵਿਆਪਕ ਗੁਣਾਂ ਵਿਚ ਸਰੂਪਤ ਕਰ ਰਹੇ ਹਨ। ਇੱਥੇ ਗੁਰੂ ਨਾਨਕ ਸਾਹਿਬ ਨਾਦ ਦੇ ਸਰਬਵਿਆਪਕ ਪਰਮਾਤਮਾ ਸਰੂਪ ਦੇ ਗੁਣਾਂ ਦਾ ਉਪਦੇਸ਼ ਓਅੰਕਾਰੁ ਬਾਣੀ ਵਿਚ ਦੇ ਰਹੇ ਹਨ।

ਗੁਰਮਤਿ ਸੰਗੀਤ ਵਿਚ ਰਾਗ ਰਾਮਕਲੀ ਦਾ ਵਿਸ਼ੇਸ਼ ਮਹੱਤਵ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸਨਾਤਨੀ ਪ੍ਰਕਿਰਤੀ ਦੇ ਬਾਣੀ ਰੂਪਾਂ ਲਈ ਰਾਗ ਰਾਮਕਲੀ ਦਾ ਵਿਸ਼ੇਸ਼ ਰੂਪ ਵਿਚ ਨਿਰਧਾਰਣ ਮਿਲਦਾ ਹੈ। ਸਿੱਧਾਂ ਤੇ ਜੋਗੀਆਂ ਨਾਲ ਹੋਈ ਗੁਰੂ ਨਾਨਕ ਦੇਵ ਜੀ ਦੀ ਗੋਸਟੀ ਤੇ ਅਧਾਰਿਤ ਬਾਣੀ ਸਿਧ ਗੋਸਟਿ ਵੀ ਰਾਗ ਰਾਮਕਲੀ ਵਿਚ ਅੰਕਿਤ ਹੈ। ਰਾਗ ਰਾਮਕਲੀ ਨੂੰ ਗੋਰਖ ਬਾਣੀ ਵਿਚ ਵਿਚ ਵੀ ਵਿਸ਼ੇਸ਼ ਰੂਪ ਵਿਚ ਪ੍ਰਯੋਗ ਕੀਤਾ ਗਿਆ ਹੈ। ਸਿੱਧਾਂ ਅਤੇ ਜੋਗੀਆਂ ਸਬੰਧੀ ਗੁਰਬਾਣੀ ਦੇ ਹੋਰ ਸ਼ਬਦਾਂ ਵਿਚ ਵੀ ਰਾਗ ਰਾਮਕਲੀ ਦਾ ਨਿਰਧਾਰਣ ਥਾਂ ਪੁਰ ਥਾਂ ਮਿਲਦਾ ਹੈ ਇੱਥੋਂ ਤੱਕ ਗੁਰੂ ਗੋਬਿੰਦ ਸਿੰਘ ਜੀ ਨੇ ਵੀ ਅਜਿਹੇ ਮੰਤਵ ਹਿਤ ਰਾਗ ਰਾਮਕਲੀ ਦਾ ਹੀ ਪ੍ਰਯੋਗ ਕੀਤਾ ਹੈ। ਰਾਗ ਰਾਮਕਲੀ ਦਾ ਉਕਤ ਪ੍ਰਯੋਗ ਬਾਣੀ ਵਿਧਾਨ ਦੀ ਵਿਸ਼ੇਸ਼ਤਾ ਹੈ। ਜਿਸ ਦਾ ਪ੍ਰਾਰੰਭ ਗੁਰੂ ਨਾਨਕ ਬਾਣੀ ਤੋਂ ਹੋ ਰਿਹਾ ਹੈ। ਹਿੰਦੂ ਬੌਧਿਕ ਜਗਤ ਦੇ ਪ੍ਰਤਿਨਿਧੀ ਪੰਡਿਤ ਸ਼੍ਰੇਣੀ ਦੇ ਲੋਕਾਂ ਨੂੰ ਓਅੰਕਾਰੁ ਬਾਣੀ ਵਿਚ ਰਾਮਕਲੀ ਰਾਗ ਵਿਚ ਹੀ ਉਪਦੇਸ਼ ਦਿੱਤਾ ਗਿਆ, ਕਿਉਂ ਜੋ ਗੁਰੂ ਸਾਹਿਬ ਇਨ੍ਹਾਂ ਦਖਣ ਦੇ ਲੋਕਾਂ ਨੂੰ ਸੰਬੋਧਨ ਹੋ ਰਹੇ ਸਨ। ਇਸ ਲਈ ਰਾਗ ਰਾਮਕਲੀ ਦੇ ਦਖਣੀ ਸਰੂਪ ਦਾ ਪ੍ਰਯੋਗ ਅਤੇ ਓਅੰਕਾਰੁ ਬਾਣੀ ਦੇ ਰਾਗ ਸਿਰਲੇਖ ਦੇ ਅੰਤਰਗਤ ਇਸ ਨੂੰ ਰਾਮਕਲੀ ਮਹਲਾ ੧ ਦਖਣੀ ਵਜੋਂ ਅੰਕਿਤ ਕੀਤਾ ਗਿਆ ਹੈ। ਇੱਥੇ ਸਪੱਸ਼ਟ ਹੈ ਕਿ ਇਹ ਰਾਗ ਰਾਮਕਲੀ ਦਾ ਦਖਣੀ ਪ੍ਰਕਾਰ ਭਾਵ ਰਾਮਕਲੀ ਦਖਣੀ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਰਾਗ ਪ੍ਰਬੰਧ ਵਿਚ ਕੇਵਲ ਗੁਰੂ ਨਾਨਕ ਬਾਣੀ ਵਿਚ ਹੀ ਵਿਭਿੰਨ ਰਾਗਾਂ ਦੇ ਦਖਣੀ ਪ੍ਰਕਾਰਾਂ ਦਾ ਪ੍ਰਯੋਗ ਕੀਤਾ ਗਿਆ ਹੈ ਜਿਵੇਂ 1. ਗਉੜੀ ਮਹਲਾ ੧ ਦਖਣੀ (ਪੰਨਾ ੧੫੨) 2. ਵਡਹੰਸ ਮਹਲਾ ੧ ਦਖਣੀ (ਪੰਨਾ ੫੮0) 3. ਬਿਲਾਵਲ ਮਹਲਾ ੧ ਛੰਤ ਦਖਣੀ (ਪੰਨਾ ੮੪੩) 4. ਰਾਮਕਲੀ ਮਹਲਾ ੧ ਦਖਣੀ

(ਪੰਨਾ ੯੨੯) 5. ਮਾਰੂ ਮਹਲਾ ੧ ਦਖਣੀ (ਪੰਨਾ ੧੦੩੩) 6. ਪ੍ਰਭਾਤੀ ਮਹਲਾ ੧ ਦਖਣੀ (ਪੰਨਾ ੧੩੪੩) । ਰਾਗ ਰਾਮਕਲੀ ਦਖਣੀ ਵੀ ਇਨ੍ਹਾਂ ਰਾਗਾਂ ਵਿਚੋਂ ਹੀ ਇਕ ਵਿਸ਼ੇਸ਼ ਰਾਗ ਹੈ। ਇਨ੍ਹਾਂ ਸਮੂਹ ਦਖਣੀ ਰਾਗਾਂ ਦਾ ਹਿੰਦੁਸਤਾਨੀ ਸੰਗੀਤ ਪੱਧਤੀ ਵਾਗੂੰ ਹੀ ਸੁਤੰਤਰ ਤੇ ਮੌਲਿਕ ਸਰੂਪ ਹੈ।

ਓਅੰਕਾਰੁ ਬਾਣੀ ਦੀਆਂ 54 ਪਉੜੀਆਂ ਵਿਚ ਓਅੰਕਾਰੁ ਬਾਣੀ ਦੇ ਕੇਂਦਰੀ ਭਾਵ ਅਰਥਾਤ ਗਾਇਨ ਰੂਪ ਹਿਤ ਸਥਾਈ ਵਜੋਂ ਕੇਵਲ ਇਕੋ ਰਹਾਉ ਸੁਣਿ ਪਾਂਡੇ ਕਿਆ ਲਿਖਹੁ ਜੰਜਾਲਾ ਲਿਖੁ ਰਾਮ ਨਾਮ ਗੁਰਮੁਖਿ ਗੋਪਾਲਾ॥੧॥ ਰਹਾਉ॥ ਦਰਜ ਹੈ। ਜਿਸ ਵਿਚ ਬਾਣੀ ਦਾ ਕੇਂਦਰੀ ਮਨੋਰਥ ਪ੍ਰਤੱਖ ਹੈ। ਗੁਰਮਤਿ ਸੰਗੀਤ ਦੇ ਸ਼ਬਦ ਕੀਰਤਨ ਵਿਧਾਨ ਅਨੁਸਾਰ ਰਹਾਉ ਦੀ ਇਸ ਪੰਕਤੀ ਨੂੰ ਸਥਾਈ ਰੂਪ ਵਜੋਂ ਨਿਬਧ ਕਰਕੇ ਪ੍ਰਸਤੁਤ ਕਰਨਾ ਹੈ।

ਓਅੰਕਾਰੁ ਬਾਣੀ ਦੇ ਉਕਤ ਸੰਗੀਤਕ ਪਰਿਪੇਖ ਵਿਚ ਪ੍ਰਸਤੁਤ ਅਧਿਐਨ ਤੋਂ ਸਪੱਸ਼ਟ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਗੁਰਮਤਿ ਸੰਗੀਤ ਵਿਧਾਨ ਦੇ ਅੰਤਰਗਤ ਨਿਸ਼ਚਿਤ ਨਿਰਧਾਰਤ ਸੰਗੀਤਕ ਸਰੂਪ ਹੈ ਜਿਸ ਨੂੰ ਅਧਿਐਨ ਦੀਆਂ ਹੋਰ ਅੰਤਰ ਅਨੁਸ਼ਾਸਨੀ ਦ੍ਰਿਸ਼ਟੀਆਂ ਸਮੇਂ ਧਿਆਨ ਗੋਚਰੇ ਰੱਖ ਕੇ ਵਿਚਾਰਨਾ ਸਹੀ ਹੋਵੇਗਾ ਤਾਂ ਹੀ ਅਸੀਂ ਇਸ ਬਾਣੀ ਦੇ ਅੰਤਰੀਵੀ ਸਰਬਾਂਗੀ ਅਧਿਆਤਮ ਗੋਹਝਾਂ ਤੇ ਰਹੱਸਾਂ ਦੀ ਪ੍ਰਾਪਤੀ ਦੇ ਨਾਲ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਦੇ ਨਿਵੇਕਲੇ ਤੇ ਮੌਲਿਕ ਵਿਧਾਨ ਦੀ ਉੱਚਤਾ ਦੀ ਪ੍ਰਾਪਤੀ ਕਰ ਸਕਾਂਗੇ।

**ਬਾਨੀ ਪ੍ਰੋਫੈਸਰ ਤੇ ਮੁਖੀ, ਗੁਰਮਤਿ ਸੰਗੀਤ ਚੇਅਰ**
**ਗੁਰਮਤਿ ਸੰਗੀਤ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ**

# ਪੰਜਾਬ ਘਰਾਣੇ ਦੇ ਪਖਾਵਜ ਦੀ ਵਿਲੱਖਣਤਾ

**ਪ੍ਰੋਫ਼ੈਸਰ ਹਰਭਜਨ ਸਿੰਘ ਧਾਰੀਵਾਲ**

**ਸਾਰ ਅੰਸ਼ :** ਹੱਥਲਾ ਖੋਜ-ਪੱਤਰ "ਪੰਜਾਬ ਘਰਾਣੇ ਦੇ ਪਖਾਵਜ ਦੀ ਵਿਲੱਖਣਤਾ" ਆਪਣੇ ਆਪ ਵਿੱਚ ਇੱਕ ਵਿਲੱਖਣ ਖੋਜ-ਪੱਤਰ ਹੈ ਜੋ ਪੰਜਾਬ ਘਰਾਣੇ ਦੇ ਲਾਹੌਰ ਬਾਜ ਦੇ ਸਿਲਸਲੇ ਨੂੰ ਭਾਰਤ ਵਿੱਚਲੇ ਹੋਰ ਪਖਾਵਜ ਦੇ ਘਰਾਣਿਆਂ ਨਾਲ ਤੁਲਨਾਂ ਕਰਦਿਆਂ ਵਿਲੱਖਣਤਾ ਦੀ ਸਿਲਸਲੇ ਵਾਰ ਹਵਾਲਿਆਂ ਸਹਿਤ ਜਾਣਕਾਰੀ ਦੇਂਦਾ ਹੈ। ਲੇਖਕ ਆਪ ਪੰਜਾਬ ਘਰਾਣੇ ਦੇ ਲਾਹੌਰ ਬਾਜ ਦੇ ਅਲੋਪ ਹੋ ਰਹੇ ਸਿਲਸਲੇ ਨੂੰ ਸੰਭਾਲਣ ਤੇ ਪ੍ਰਚਾਰਨ ਦਾ ਯਤਨ ਕਰ ਰਿਹਾ ਹੈ ਤੇ ਕਾਫ਼ੀ ਲੰਮੇ ਅਰਸੇ ਤੋਂ ਸੰਗੀਤ ਆਚਾਰੀਆ ਉਸਤਾਦ ਲਛਮਨ ਸਿੰਘ ਸੀਨ ਜੀ ਮੌਜ਼ੂਦਾ ਮੁੱਖੀ ਪੰਜਾਬ ਘਰਾਣਾ (ਭਾਰਤ) ਕੋਲੋਂ ਪਖਾਵਜ ਦੀ ਤਾਲੀਮ ਪ੍ਰਾਪਤ ਕਰ ਰਿਹਾ ਹੈ।

ਇੱਸ ਖੋਜ-ਪੱਤਰ ਵਿਚ ਪੰਜਾਬ ਘਰਾਣੇ ਦੀ ਪਖਾਵਜ ਦੇ ਸਿਲਸਲੇ ਨੂੰ ਅਕਬਰ ਕਾਲ 16ਵੀਂ ਸਦੀ ਵਿੱਚ ਮੀਆਂ ਤਾਨਸੈਨ ਦੇ ਸੰਗਤਕਾਰ ਲਾਲਾ ਭਗਵਾਨ ਦਾਸ ਪਖਾਵਜੀ ਦੇ ਸ਼ਾਗਿਰਦ ਬਾਬਾ ਕਾਦਿਰ ਬਖਸ਼ ਪਖਾਵਜੀ ਤੋਂ ਲੈ ਕੇ ਮੌਜੂਦਾ ਸਮੇਂ ਤਕ ਦੇ ਪਖਾਵਜੀਆਂ ਦੀ ਪਖਾਵਜ ਸ਼ੈਲੀ, ਪਖਾਵਜ ਦੇ ਸੱਤ ਹਿੱਸੇ, ਪਖਾਵਜ ਦੇ ਸੱਤ ਹਰਫ਼, ਪਖਾਵਜ ਦੀ ਬੈਠਕ ਅਤੇ ਪਖਾਵਜ ਦੇ ਦੂਸਰਿਆਂ ਘਰਾਣਿਆਂ ਦੀ ਵਾਦਨ ਸ਼ੈਲੀ ਦਾ ਅਧਿਐਨ ਕਰਦਿਆਂ ਪੰਜਾਬ ਘਰਾਣੇ ਦੇ ਪਖਾਵਜ ਦੀ ਵਾਦਨ ਸ਼ੈਲੀ ਦੀ ਵਿਲੱਖਣਤਾ ਦੀ ਨਿਵੇਕਲੀ ਤੇ ਖੋਜ ਭਰਪੂਰ ਜਾਣਕਾਰੀ ਦਿੱਤੀ ਗਈ ਹੈ ਜੋ ਪਹਿਲਾਂ ਕਿਸੇ ਕਿਤਾਬ ਵਿੱਚ ਨਹੀਂ ਮਿਲਦੀ। ਪੰਜਾਬ ਘਰਾਣੇ ਦੀ ਅਲੋਪ ਹੋ ਰਹੀ ਪਖਾਵਜ ਦੀ ਵਾਦਨ ਸ਼ੈਲੀ ਨੂੰ ਸੰਭਾਲਣ ਤੇ ਪ੍ਰਚਾਰਨ ਦੀ ਅਤਿਅੰਤ ਲੋੜ ਹੈ, ਨਹੀਂ ਤਾਂ ਸਾਡੀ ਅਮੀਰ ਵਿਰਸੇ ਦੀ ਪਰੰਪਰਾ ਅਲੋਪ ਹੋ ਜਾਵੇਗੀ। ਇਸ ਕਾਰਜ ਲਈ ਕਾਲਜਾਂ, ਯੂਨੀਵਰਸਿਟੀਆਂ ਅਤੇ ਸੰਗੀਤਕ ਸੰਸਥਾਵਾਂ ਨੂੰ ਪਖਾਵਜ ਦੇ ਉਸਤਾਦਾਂ ਨੂੰ ਸੰਭਾਲਣਾਂ ਚਾਹੀਦਾ ਹੈ, ਪੰਜਾਬ ਘਰਾਣੇ ਦੀ ਪਖਾਵਜ ਬਾਰੇ ਸੈਮੀਨਾਰ ਅਤੇ ਸੋਲੋ ਪ੍ਰਫਾਰਮੈਨਸ, ਇੰਟਰਵਿਊ ਅਤੇ ਆਰਕਾਈਵਲ ਰਿਕਾਰਡਿੰਗ ਆਦਿ ਦੇ ਉਪਰਾਲੇ ਕਰਨੇ ਚਾਹੀਦੇ ਹਨ ਤਾਂ ਕਿ ਪੰਜਾਬ ਘਰਾਣੇ ਦੇ ਸਿਲਸਲੇ ਨੂੰ ਸੰਭਾਲਦੇ ਹੋਏ ਨੌਜਵਾਨ ਪੀੜ੍ਹੀ ਨੂੰ ਵੀ ਇਸ ਨਾਲ ਜੋੜ ਸਕੀਏ।

**ਭੂਮਿਕਾ:** ਰਿਗਵੇਦ ਗ੍ਰੰਥ ਵਿੱਚ ਸਭ ਤੋਂ ਪਹਿਲਾਂ 'ਸਪਤ ਸਿੰਧੂ'ਜਾਂ ਸਪਤ ਸਿੰਧਵਹ ਦੇ ਰੂਪ ਵਿੱਚ ਪੰਜਾਬ ਦਾ ਪ੍ਰਾਚੀਨ ਨਾਮ ਮਿਲਦਾ ਹੈ। ਮਹਾਂਭਾਰਤ ਕਾਲ ਵਿੱਚ 'ਪੰਚਨਦ' ਅਤੇ ਮੱਧ ਕਾਲ ਵਿੱਚ ਮੁਗਲਾਂ ਵਲੋਂ ਇੱਸ ਪੰਜ ਦਰਿਆਵਾਂ ਦੀ ਧਰਤੀ ਨੂੰ ਪੰਜਾਬ ਕਹਿਣ ਦਾ ਰਿਵਾਜ਼ ਪ੍ਰਚਲਤ ਹੋ ਗਿਆ। ਗੁਰੂ ਗੋਬਿੰਦ ਸਿੰਘ ਜੀ ਨੇ ਬਚਿਤਰ ਨਾਟਕ ਵਿੱਚ ਪੰਜਾਬ ਨੂੰ 'ਮੱਦ੍ਰ ਦੇਸ' ਕਿਹਾ ਹੈ।

**ਮੱਦ੍ਰ ਦੇਸ ਹਮ ਕੋ ਲੇ ਆਏ ॥ ਭਾਂਤਿ ਭਾਂਤਿ ਦਾਈਅਨ ਦੁਲਰਾਏ ॥** 1

ਪੂਰਵ-ਹੜੱਪਾ ਕਾਲ ਅਤੇ ਹੱੜਪਾ ਕਾਲ ਦੇ ਪੰਜਾਬ ਤੋਂ ਲੈ ਕੇ ਅਜੋਕੇ ਪੰਜਾਬ ਦੇ ਇਤਿਹਾਸ ਵਿੱਚ ਇੱਥੋ ਦੇ ਲੋਕ ਮਿਹਨਤੀ ਤੇ ਨਿਡਰ ਸਨ। ਲੋਕ ਕਲਾਵਾਂ ਅਤੇ ਸ਼ਾਸਤਰੀ ਕਲਾਵਾਂ ਦੇ ਖੇਤਰ ਵਿੱਚ ਪੰਜਾਬ ਮੁੱਢ ਤੋਂ ਹੀ ਅਗਾਂਹ ਵਾਧੂ ਰਿਹਾ ਹੈ। ਹਰੇਕ ਖੇਤਰ ਵਿੱਚ ਪੰਜਾਬ ਨੇ ਮੱਲਾਂ ਮਾਰੀਆਂ ਹਨ। ਹੜੱਪਾ ਤੇ ਮੋਹਨਜੋਦੜੋ ਦੀਆਂ ਖੁਦਾਈਆਂ ਤੋਂ ਪ੍ਰਾਪਤ ਵਸਤਾਂ ਤੋਂ ਪਤਾ ਲੱਗਦਾ ਹੈ ਕਿ ਸੰਗੀਤ ਅਤੇ ਮੂਰਤੀ ਕਲਾ ਵਿੱਚ ਵੀ ਮੁੱਢ ਤੋਂ ਹੀ ਪੰਜਾਬ ਦੇ ਲੋਕ ਮੋਹਰੀ ਸਨ।

ਇੱਸ ਖੋਜ-ਪੱਤਰ "ਪੰਜਾਬ ਘਰਾਣੇ ਦੇ ਪਖਾਵਜ ਦੀ ਵਿਲੱਖਣਤਾ"ਵਿੱਚ ਲੇਖਕ ਪ੍ਰੋਫੈਸਰ ਹਰਭਜਨ ਸਿੰਘ ਧਾਰੀਵਾਲ ਦਾ ਸੰਬਧ ਪੰਜਾਬ ਘਰਾਣੇ ਦੇ ਲਾਹੌਰ ਬਾਜ ਦੇ ਸਿਲਸਲੇ ਨਾਲ ਹੋਣ ਕਰਕੇ ਲਾਹੋਰ ਬਾਜ ਦੇ ਪਖਾਵਜ ਦੀ ਵਿਲੱਖਣਤਾ ਬਾਰੇ ਸਿਲਸਲੇਵਾਰ ਖੋਜ ਭਰਪੂਰ ਜਾਣਕਾਰੀ ਦੇਣ ਦੀ ਕੋਸ਼ਿਸ ਕਰੇਗਾ ਜੋ ਸੰਗੀਤ ਪ੍ਰੇਮੀਆਂ, ਪਖਾਵਜੀਆਂ, ਕੀਰਤਨਕਾਰਾਂ ਅਤੇ ਖੋਜ ਵਿਦਿਆਰਥੀਆਂ ਲਈ ਫਾਈਦੇਮੰਦ ਸਾਬਿਤ ਹੋਏਗਾ।

ਸਾਜ਼ ਚਾਰ ਪ੍ਰਕਾਰ ਦੇ ਮੰਨੇ ਗਏ ਹਨ। ਤੰਤੀ ਸਾਜ਼, ਘਣ ਸਾਜ਼, ਅਵਨੱਧ ਸਾਜ਼ ਅਤੇ ਸ਼ੁਸਿਰ ਸਾਜ਼। ਸਾਜ਼ਾ ਦਾ ਸੰਗੀਤ ਵਿੱਚ ਆਪੋ ਆਪਣਾ ਮਹੱਤਵ ਹੈ। ਪ੍ਰੰਤੂ ਅਵੱਨਧ ਸਾਜ਼ਾ ਦਾ ਮਹੱਤਵ ਇਨ੍ਹਾਂ

ਵਿੱਚੋਂ ਸੱਭ ਤੋਂ ਜ਼ਿਆਦਾ ਹੈ ਕਿਉਂ ਕਿ ਸਾਜ਼ ਗਾਇਨ ਵਾਦਨ ਅਤੇ ਨ੍ਰਿਤ ਨੂੰ ਲੈਅ ਤਾਲ ਪ੍ਰਦਾਨ ਕਰਦੇ ਹਨ ਅਤੇ ਸੋਲੋ ਵਾਦਨ ਕਰਕੇ ਵੀ ਇਹ ਮੱਹਤਵਪੂਰਨ ਹਨ। ਪ੍ਰਾਚੀਨ ਅਵਨੱਧ ਸਾਜ਼ਾਂ ਦੂੰਦਭੀ, ਪਟਹ, ਮੁਰਜ਼, ਪੁਸ਼ਕਰ ਅਤੇ ਮ੍ਰਿਦੰਗ ਆਦਿ ਵਿੱਚੋਂ ਪਖਾਵਜ ਆਪਣੀਆਂ ਤਕਨੀਕੀ ਖੂਬੀਆਂ ਕਰਕੇ ਹਰਮਨ ਪਿਆਰਾ ਹੋ ਗਿਆ।

**ਪਖਾਵਜ ਦੀ ਉਤਪਤੀ:** ਪ੍ਰਾਚੀਨ ਕਾਲ ਤੋਂ ਹੀ ਇੰਨ੍ਹਾਂ ਸਾਜ਼ਾਂ ਦੀ ਉਤਪਤੀ ਤੇ ਵਿਕਾਸ ਗਾਇਨ ਸ਼ੈਲੀਆਂ ਦੇ ਨਾਲ ਪ੍ਰਯੋਗ ਹੋਣ ਕਰਕੇ ਹੋਇਆ ਅਤੇ ਸਵਤੰਤਰ ਰੂਪ ਵਿੱਚ ਵੀ ਅਵਨੱਧ ਸਾਜ਼ ਆਪਣਾਂ ਵਿਕਾਸ ਕਰਦੇ ਰਹੇ। ਆਰੰਭਿਕ ਅਵਨੱਧ ਸਾਜ਼ ਆਪਣੇ ਸਾਧਾਰਨ ਰੂਪ ਵਿੱਚ ਪ੍ਰਚੱਲਤ ਸਨ। ਉਦਾਹਰਣ ਦੇ ਤੌਰ ਤੇ - ਭੂਮੀ-ਦੂੰਦਭੀ, ਜਿਸ ਨੂੰ ਜ਼ਮੀਨ ਵਿੱਚ ਟੋਆ ਪੁਟ ਕੇ ਉਸ ਉਪਰ ਕਿਸੇ ਜਾਨਵਰ ਦੇ ਚਮੜ੍ਹੇ ਨਾਲ ਢੱਕ ਕੇ ਕਿਸੇ ਜਾਨਵਰ ਦੀ ਪੂਛ ਨਾਲ ਚੋਟ ਲਾ ਕੇ ਵਜਾਇਆਂ ਜਾਂਦਾ ਸੀ। ਜਿਸ ਦੀ ਆਵਾਜ਼ ਗੂੰਜਦਾਰ ਅਤੇ ਜ਼ੋਰਦਾਰ ਹੁੰਦੀ ਸੀ। ਵੈਦਿਕ ਕਾਲ ਵਿੱਚ ਅਵਨੱਧ ਸਾਜ਼ਾਂ ਵਿੱਚ ਦੂੰਦਭੀ, ਪਣਵ, ਪਟਹ, ਦੁਰਦਰ, ਢੱਕਾ ਅਤੇ ਭੇਰੀ ਆਦਿ ਦਾ ਪ੍ਰਚਲਨ ਸੀ।

ਡਾ. ਯੋਗ ਮਾਇਆ ਸ਼ੁਕਲ ਲਿਖਦੇ ਹਨ ਕਿ ਅਵੱਨਧ ਸਾਜ਼ਾਂ ਦੇ ਮੂੰਹ ਖੱਲ ਜਾਂ ਝਿੱਲੀ ਨਾਲ ਮੜ੍ਹੇ ਹੁੰਦੇ ਹਨ ਉਸ ਮੜ੍ਹੇ ਹੋਏ ਖੱਲ ਨੂੰ ਹੱਥ ਜਾਂ ਡੰਡੀਆਂ ਨਾਲ ਚੋਟ ਲਗਾਉਣ ਨਾਲ ਧਵਨੀ ਉਤਪੰਨ ਕਰਦੇ ਹੋਏ ਵਜਾਇਆ ਜਾਂਦਾ ਹੈ ਜਿਵੇਂ ਪ੍ਰਾਚੀਨ ਸਾਜ਼ ਭੂੰਮੀ-ਦੂੰਦਭੀ, ਪੁਸ਼ਕਰ, ਮਿਰਦੰਗ, ਪਣਵ, ਦੁਰਦਰ, ਪਟਹ ਅਤੇ ਹੜੁਕਾ ਆਦਿ। ਮੱਧ ਕਾਲ ਵਿੱਚ ਮ੍ਰਿਦੰਗ ਪਖਾਵਜ, ਖੋਲ, ਦਮਾਮਾ, ਢੋਲ, ਨਗਾਰਾ, ਡੱਫ ਅਤੇ ਨਕਾਰਾ ਆਦਿ ਅਤੇ ਵਰਤਮਾਨ ਕਾਲ ਵਿੱਚ ਪਖਾਵਜ ,ਮ੍ਰਿਦੰਗਮ (ਦੱਖਣੀ ਭਾਰਤ),ਤਬਲਾ, ਢੋਲ, ਨਗਾਰਾ,ਝੀਲ,ਨਕਾਰਾ,ਦੁਕੱੜ,ਤਾਸ਼ਾ ਖੰਜਰੀ ਨਾਲ ਅਤੇ ਡਫ ਆਦਿ। 2

ਪੁਸ਼ਕਰ ਪ੍ਰਾਚੀਨ ਕਾਲ ਦਾ ਅਤਿਅੰਤ ਮਹੱਤਵਪੂਰਨ ਸਾਜ਼ ਮੰਨਿਆ ਗਿਆ ਹੈ ਕਿਉਂ ਕਿ ਪਖਾਵਜ ਦੀ ਉਤੱਪਤੀ ਦਾ ਆਧਾਰ 'ਪੁਸ਼ਕਰ' ਸਾਜ਼ ਹੀ ਹੈ ਇਸ ਲਈ ਪੁਸ਼ਕਰ ਸਾਜ਼ ਦਾ ਅਧਿਐਨ ਵੀ ਜ਼ਰੂਰੀ ਬਣ ਜਾਂਦਾ ਹੈ। ਸੰਗੀਤ ਦੇ ਆਦਿ ਗ੍ਰੰਥ 'ਨਾਟਯ ਸ਼ਾਸਤਰ' ਦੇ ਤੇਤੀਵੇਂ ਅਧਿਆਇ ਵਿੱਚ ਅਵਨਧ ਸਾਜ਼ਾਂ ਸਬੰਧੀ ਗ੍ਰੰਥ ਦੇ ਕਰਤਾ ਭਰਤ ਮੁਨੀ ਅਵਨੱਧ ਸਾਜ਼ ਪੁਸ਼ਕਰ ਸਬੰਧੀ ਜ਼ਿਕਰ ਕਰਦੇ ਹਨ ਕਿ "ਇੱਕ ਦਿਨ ਸਵਾਤੀ ਮੁਨੀ ਆਪਣੇ ਆਸ਼ਰਮ ਤੋਂ ਪਾਣੀ ਲੈਣ ਲਈ ਸਰੋਵਰ ਤੇ ਗਏ। ਅਚਾਨਕ ਉਸ ਸਮੇਂ ਵਰਖਾ ਹੋਣ ਲੱਗ ਪਈ। ਵਰਖਾ ਦੀਆਂ ਬੂੰਦਾਂ ਪਹਿਲਾ ਘੱਟ ਗਤੀ ਵਿੱਚ, ਫਿਰ ਤੇਜੀ ਨਾਲ ਸਰੋਵਰ ਵਿੱਚ ਖਿੜੀਆਂ ਕਮਲ ਦੀਆਂ ਛੋਟੀਆਂ ਵੱਡੀਆਂ ਪੰਖੜੀਆਂ ਤੇ ਪੈਣ ਲੱਗੀਆਂ। ਇੱਸ ਤਰ੍ਹਾਂ ਅਨੇਕ ਪ੍ਰਕਾਰ ਦੀਆਂ ਆਵਾਜ਼ਾ ਪੈਦਾ ਹੋਣ ਲੱਗੀਆ। ਸਵਾਤੀ ਮੁਨੀ ਨੂੰ ਇਹ ਸਾਰੀ ਆਵਾਜਾਂ ਬਹੁਤ ਪਿਆਰੀਆਂ ਲੱਗੀਆਂ ਅਤੇ ਓਸ ਦੇ ਸਵਰੂਪ ਨੂੰ ਆਪਣੇ ਦਿਮਾਗ ਵਿੱਚ ਠੀਕ ਤਰ੍ਹਾਂ ਬਿਠਾ ਕੇ ਆਪਣੇ ਆਸ਼ਰਮ ਵਿੱਚ ਵਾਪਿਸ ਆ ਗਿਆਂ। ਆਸ਼ਰਮ ਆ ਕੇ ਉਸ ਨੇ ਵਿਸ਼ਕਰਮਾਂ ਨੂੰ ਇਹ ਸਭ ਬ੍ਰਿਤਾਂਤ ਦੱਸਿਆ ਅਤੇ ਕਿਸੇ ਅਜਿਹੇ ਸਾਜ਼ ਦਾ ਨਿਰਮਾਣ ਕਰਨ ਨੂੰ ਕਿਹਾ ਜਿਸ ਨਾਲ ਉਸ ਪ੍ਰਕਾਰ ਦੀਆਂ ਆਵਾਜਾਂ ਪੈਦਾ ਹੋ ਸਕਣ। ਵਿਸ਼ਕਰਮਾਂ ਦੀ ਕੋਸ਼ਿਸ ਨਾਲ ਜੋ ਅਵਨੱਧ ਬਣਾਇਆ ਗਿਆ ਉਸ ਨੂੰ ਪੁਸ਼ਕਰ ਸਾਜ਼ ਦਾ ਨਾਮ ਦਿੱਤਾ ਗਿਆ ਜਿਸ ਦਾ ਸਰੀਰ ਮਿੱਟੀ ਦਾ ਸੀ। ਬਾਅਦ ਵਿੱਚ ਇਸੇ ਸਾਜ਼ ਦੇ ਅਧਾਰ ਤੇ ਲੱਕੜੀ ਜਾਂ ਧਾਤੂ ਦਾ ਪ੍ਰਯੋਗ ਕਰਕੇ ਮ੍ਰਿਦੰਗ, ਪਟਹ ਅਤੇ ਦੁਰਦਰ ਵਰਗੇ ਅਵਨੱਧ ਸਾਜ਼ ਬਣੇ ।"3

'ਪੁਸ਼ਕਰ ਸਾਜ਼' ਸਭ ਤੋਂ ਪਹਿਲਾ ਵਿਸ਼ਵਕਰਮਾਂ ਦੀ ਸਹਾਇਤਾ ਨਾਲ 'ਦੂੰਦਭਿ' ਸਾਜ਼ ਦੇ ਆਧਾਰ ਤੇ ਬਣਿਆ। ਪੁਸ਼ਕਰ ਸਾਜ਼ ਦੇ ਤਿੰਨ ਰੂਪ ਆਂਕਿਕ,ਉਰਧਵਕ ਅਤੇ ਅਲਿਗਯ ਬਣਾਏ ਗਏ ਜਿਸ ਨੂੰ ਤ੍ਰਿਪੁਸ਼ਕਰ ਕਿਹਾ ਜਾਂਦਾ ਸੀ । ਤ੍ਰਿਪੁਸ਼ਕਰ ਦੇ ਮੂੰਹ ਤੇ ਮੜ੍ਹੇ ਚਮੜ੍ਹੇ ਤੇ ਸਵਰ ਸਥਾਪਤ ਕਰਨ ਲਈ ਮਿੱਟੀ ਦਾ ਲੇਪ ਕੀਤਾ ਜਾਂਦਾ ਸੀ। ਆਂਕਿਕ ਪੁਸ਼ਕਰ ਦੋ ਮੁੱਖਾ ਸਾਜ਼ ਸਾਹਮਣੇ ਲਿਟਾ ਕੇ ਵਜਾਇਆ ਜਾਂਦਾ ਸੀ। ਉਰਧਵਕ ਪੁਸ਼ਕਰ ਖੜ੍ਹੇ ਰੁਖ ਰੱਖ ਕੇ ਵਜਾਇਆ ਜਾਂਦਾ ਸੀ । ਆਲਿਗਯ ਪੁਸ਼ਕਰ ਨੂੰ ਲੱਕ ਨਾਲ ਬੰਨ ਕੇ ਵਜਾਇਆ ਜਾਂਦਾ ਸੀ। ਇਹ ਸਾਰੇ ਪੁਸ਼ਕਰ ਦੇ ਰੂਪ ਮਿੱਟੀ ਦੇ ਬਣੇ ਹੁੰਦੇ ਸਨ। ਆਦਿ ਕਾਲ ਵਿੱਚ ਅਵਨੱਧ

ਸਾਜ਼ ਭੂਮੀ-ਦੂੰਦਭਿ ਪਹਿਲਾ ਅਵਨੱਧ ਸਾਜ਼ ਸੀ ਜਿਸ ਦਾ ਵਿਕਸਿਤ ਰੂਪ ਦੂੰਦਭਿ ਸੀ, ਦੂੰਦਭਿ ਦਾ ਵਿਕਸਿਤ ਰੂਪ ਪੁਸ਼ਕਰ ਸੀ ਅਤੇ ਆਂਕਿਕ ਪੁਸ਼ਕਰ ਦਾ ਸੁਧਰਿਆ ਰੂਪ ਅਜੋਕਾ ਉੱਤਰੀ ਭਾਰਤ ਦਾ ਪਖਾਵਜ / ਮ੍ਰਿਦੰਗ ਹੀ ਹੈ। ਮ੍ਰਿਦੰਗ ਅਤੇ ਪਖਾਵਜ ਕੋਈ ਵੱਖਰੇ ਸਾਜ਼ ਨਹੀ ਹਨ ਸਗੋਂ ਇੱਕ ਹੀ ਸਾਜ਼ ਦੇ ਵੱਖ ਵੱਖ ਭਾਸ਼ਾ ਦੇ ਦੋ ਵੱਖਰੇ ਨਾਮ ਹਨ। ਇੱਹ ਸ਼ੁਰੂ ਵਿੱਚ ਮਿੱਟੀ ਦਾ ਬਣਾਇਆ ਜਾਂਦਾ ਸੀ ਅਤੇ ਮੱਧ ਕਾਲ ਤੋਂ ਲੱਕੜੀ ਦਾ ਬਣਾਇਆ ਜਾਣ ਲੱਗਾ। ਮ੍ਰਿਦੰਗ ਸੰਸਕ੍ਰਿਤ ਭਾਸ਼ਾ ਦਾ ਸ਼ਬਦ ਹੈ ਜਦ ਕਿ ਪਖਾਵਜ ਫ਼ਾਰਸੀ ਭਾਸ਼ਾ ਦਾ ਸ਼ਬਦ ਹੈ ਜੋ ਮੱਧ ਕਾਲ ਤੋਂ ਮੁਗਲਾਂ ਵੇਲੇ ਪ੍ਰਚਾਰ ਵਿੱਚ ਆਇਆ। ਪਖਾਵਜ ਦਾ ਪ੍ਰਯੋਗ ਧਰੁਵਪੱਦ-ਧਮਾਰ, ਸਾਦਰਾ ਅਤੇ ਗੁਰਬਾਣੀ ਕੀਰਤਨ ਦੀ ਧਰੁਵਪੱਦ ਅੰਗ ਆਦਿ ਦੀ ਗਾਇਨ ਸ਼ੈਲੀ ਨਾਲ ਕੀਤਾ ਜਾਂਦਾ ਰਿਹਾ ਹੈ। ਰਬਾਬ (ਧਰੂਵਪੱਦ ਅੰਗ ਦੀ), ਸੁਰ ਬਹਾਰ, ਵੀਣਾਂ ਅਤੇ ਵਚਿਤਰ ਵੀਣਾਂ ਆਦਿ ਨਾਲ ਵੀ ਪ੍ਰਯੋਗ ਕੀਤਾ ਜਾਂਦਾ ਹੈ। ਪਖਾਵਜ ਦੇ ਕਿਸੇ ਨਿਰਧਾਰਤ ਤਾਲ ਦਾ ਜਦੋਂ ਸਿਲਸਲੇ ਵਾਰ ਇਜ਼ਾਫਾ ਕੀਤਾ ਜਾਂਦਾ ਹੈ ਤਾਂ ਉਸ ਨੂੰ ਏਕਲ ਵਾਦਨ ਕਿਹਾ ਜਾਂਦਾ ਹੈ।ਏਕਲ ਵਾਦਨ ਵਿੱਚ ਵੀ ਪਖਾਵਜ ਦਾ ਮਹੱਤਵਪੂਰਨ ਸਥਾਨ ਹੈ।

ਡਾ.ਅਨਾਮਿਕਾ ਕੁਮਾਰੀ ਪਖਾਵਜ ਸੰਬਧੀ ਲਿਖਦੇ ਹਨ ਕਿ -"ਇਸ ਸਾਜ਼ ਦੀ ਗਣਨਾਂ ਦੇਸ਼ ਦੇ ਅਵਨੱਧ ਸਾਜ਼ਾਂ ਵਿੱਚ ਕੀਤੀ ਜਾਂਦੀ ਹੈ। ਇੱਹ ਪੁਸ਼ਕਰ ਦਾ ਹੀ ਪਰਵਰਤਿਤ ਰੂਪ ਹੈ। ਪ੍ਰਾਚੀਨ ਕਾਲ ਵਿੱਚ ਇਸੇ ਨੂੰ ਹੀ ਮ੍ਰਿਦੰਗ, ਮੁਰਜ ਅਤੇ ਮਰਦਲ ਦੇ ਨਾਮ ਨਾਲ ਜਾਣਿਆ ਜਾਂਦਾ ਸੀ। ਉੱਤਰੀ ਭਾਰਤ ਵਿੱਚ ਮ੍ਰਿਦੰਗ ਅਤੇ ਪਖਾਵਜ ਵਿੱਚ ਕੋਈ ਅੰਤਰ ਨਹੀ ਮੰਨਿਆ ਜਾਂਦਾ। "4

ਸੰਗੀਤ ਆਚਾਰੀਆ ਉਸਤਾਦ ਲਛਮਨ ਸਿੰਘ ਸੀਨ ਜੀ ਪੰਜਾਬ ਘਰਾਣਾਂ ਦਾ ਪਖਾਵਜ ਬਾਰੇ ਵਿਚਾਰ ਹੈ ਕਿ " ਪਖਾਵਜ ਫਾਰਸੀ ਭਾਸ਼ਾ ਦਾ ਸ਼ਬਦ ਹੈ ਤੇ ਇੱਹ ਮੁਗਲਾਂ ਦੀ ਭਾਰਤ ਵਿੱਚ ਆਮਦ ਹੋਣ ਨਾਲ ਇੱਹ ਨਾਮ ਹੋਂਦ ਵਿੱਚ ਆਇਆ ਜਿਵੇਂ ਪੰਛੀ ਆਪਣੇ ਖੰਭ (ਪੰਖ) ਜੋਰ ਨਾਲ ਫੈਲਾ ਕੇ ਆਪਣੇ ਵਲ ਖਿੱਚਦਾ ਹੋਇਆ ਉਡਾਰੀ ਭਰਦੇ ਹਨ ਉਸੇ ਤਰ੍ਹਾਂ ਹੀ ਪਖਾਵਜੀ ਦੋਵਾਂ ਹੱਥਾਂ ਨਾਲ ਬਾਹਰੋਂ ਅੰਦਰ ਨੂੰ ਖਾਸ ਤਕਨੀਕ ਨਾਲ ਪਖਾਵਜ ਤੇ ਚੋਟ ਲਗਾ ਕੇ ਗੂੰਜਦਾਰ ਅਵਾਜ਼ ਪੈਦਾ ਕਰਦਾ ਹੈ ਜਿਸ ਕਰਕੇ ਇੱਸ ਸਾਜ਼ ਨੂੰ ਪਖਾਵਜ ਕਹਿਣ ਦਾ ਰਿਵਾਜ਼ ਪ੍ਰਚਲੱਤ ਹੋ ਗਿਆ। " 5

**ਪਖਾਵਜ ਦੇ ਹਿੱਸੇ:** ਸੰਗੀਤ ਆਚਾਰੀਆ ਉਸਤਾਦ ਲਛਮਨ ਸਿੰਘ ਸੀਨ ਮੌਜੂਦਾ ਮੁੱਖੀ ਪੰਜਾਬ ਘਰਾਣਾਂ ਤੋਂ ਪ੍ਰਾਪਤ ਕੀਤੀ ਪਖਾਵਜ ਦੀ ਤਾਲੀਮ ਮੁਤਾਬਿਕ "ਬਨਾਵਟ ਦੇ ਆਧਾਰ ਤੇ ਮੌਜ਼ੂਦਾ ਪਖਾਵਜ ਲੱਕੜੀ ਦਾ ਬਣਿਆ ਹੁੰਦਾ ਹੈ ਜੋ ਅੰਦਰੋਂ ਖੋਖਲਾ ਹੁੰਦਾ ਹੈ। ਇੱਹ ਲੱਕੜੀ ਸ਼ੀਸ਼ਮ ਜਾਂ ਗੰਬਾਰ ਦੀ ਹੋ ਸਕਦੀ ਹੈ। ਪਖਾਵਜ ਇੱਕ ਨਗਾ ਅਤੇ ਦੋ ਮੁਖਾ ਸਾਜ਼ ਹੈ ਜਿਸ ਦੀ ਆਵਾਜ਼ ਮਰਦਾਵੀਂ, ਭਰਵੀ, ਜ਼ੋਰਦਾਰ, ਗੂੰਜ਼ਦਾਰ ਅਤੇ ਗੰਭੀਰ ਹੁੰਦੀ ਹੈ ਜੋ ਮਿੱਠੀ ਅਤੇ ਦਿੱਲ ਦੀਆਂ ਗਹਿਰਾਈਆਂ ਨੂੰ ਟੁੰਬਦੀ ਹੈ। ਪਖਾਵਜ ਦੇ ਦੋਹਾ ਮੁੱਖਾਂ ਤੇ ਚਮੜ੍ਹੇ ਦੀ ਖੱਲ ਮੜ੍ਹੀ ਹੁੰਦੀ ਹੈ। ਪਖਾਵਜ ਨੂੰ ਜ਼ਮੀਨ ਤੇ ਲਿਟਾ ਕੇ ਵਜਾਇਆ ਜਾਂਦਾ ਹੈ। ਕੁੱਝ ਕਲਾਕਾਰ ਪਖਾਵਜ ਨੂੰ ਗੋਦੀ ਵਿੱਚ ਰੱਖ ਕੇ ਵਜਾਂਉਦੇ ਹਨ। ਧਾਮੇਂ ਵਾਲੇ ਵਰਕੇ ਤੇ ਕਣਕ ਦਾ ਗੁੰਨਿਆ ਹੋਇਆ ਆਟਾ ਲਗਾਇਆ ਜਾਂਦਾ ਹੈ। ਆਟਾ ਲਗਾਉਣ ਦੀ ਵੀ ਖਾਸ ਤਰਤੀਬ ਹੁੰਦੀ ਹੈ। ਪਖਾਵਜ ਵਜਾਉਣ ਤੋਂ ਬਾਅਦ ਵੀ ਪੱਤਰੀ ਨਾਲ ਖਾਸ ਤਕਨੀਕ ਜ਼ਰੀਏ ਪਖਾਵਜ ਤੋਂ ਆਟਾ ਉਤਾਰਿਆ ਜਾਂਦਾ ਹੈ। ਬਾਰਸਾਤ ਜਾਂ ਸਿੱਲੇ ਮੌਸਮ ਵਿੱਚ ਪਖਾਵਜ ਦੀ ਸੰਭਾਲ ਅਤਿ ਜਰੂਰੀ ਹੈ। ਇੱਹ ਪੱਤਰੀ ਪਿਤੱਲ ਜਾਂ ਲੋਹੇ ਦੀ ਬਣੀ ਹੁੰਦੀ ਹੈ। ਆਮ ਤੌਰ ਤੇ ਪਖਾਵਜ ਦੀ ਲੰਬਾਈ 24-25 ਇੰਚ ਹੁੰਦੀ ਹੈ। ਸੱਜੇ ਪਾਸੇ ਨੂੰ ਥਾਪ ਵਾਲਾ ਪਾਸਾ ਅਤੇ ਖੱਬੇ ਪਾਸੇ ਨੂੰ ਧਾਮਾਂ ਕਿਹਾ ਜਾਂਦਾ ਹੈ। ਥਾਪ ਵਾਲਾ ਪਾਸਾ ਲੱਗਭਗ 7 ਇੰਚ ਅਤੇ ਧਾਮਾਂ ਲੱਗਭਗ 9 ਇੰਚ ਹੁੰਦਾ ਹੈ। ਪਖਾਵਜ ਦੇ ਦੋਨੋਂ ਪਾਸਿਆਂ ਤੇ ਮੜ੍ਹੀ ਖੱਲ ਨੂੰ ਵਰਕੇ ਵੀ ਕਿਹਾ ਜਾਂਦਾ ਹੈ।ਬਨਾਵਟ ਦੇ ਆਧਾਰ ਤੇ ਪਖਾਵਜ ਨੂੰ 7 ਹਿੱਸਿਆਂ ਵਿੱਚ ਵੰਡਿਆ ਗਿਆ ਹੈ ਜਿਸ ਨੂੰ ਹੇਠਾਂ ਦਿੱਤੇ ਪਖਾਵਜ ਦੇ ਚਿੱਤਰ ਵਿੱਚ ਪਖਾਵਜ ਦੇ ਹਿੱਸਿਆਂ ਸਹਿਤ ਦਰਸਾਉਣ ਦੀ ਕੋਸ਼ਿਸ਼ ਕੀਤੀ ਗਈ ਹੈ ਜੋ ਇਸ ਪ੍ਰਕਾਰ ਹੈ : -।"6




**ਪ**
ਜ
ਜ
ਤ

ਵਿਦਵਾਨ ਇੱਸ ਦੇ 16 ਹਰਫ਼ ਮੰਨਦੇ ਹਨ ਅਤੇ ਕੁੱਝ ਇੱਸ ਦੇ ਹਰਫ਼ 10 ਮੰਨਦੇ ਹਨ। ਪਰ ਪੰਜਾਬ ਘਰਾਣੇ ਦੇ ਲਾਹੌਰ ਬਾਜ ਦੇ ਸਿਲਸਲੇ ਵਿੱਚ ਪਖਾਵਜ ਦੇ ਬੁਨਿਆਦੀ ਹਰਫ਼ ਕੇਵਲ 7 ਹੀ ਮੰਨੇ ਗਏ ਹਨ। ਪੰਜ ਹਰਫ਼ਾਂ ਦੀ ਪੈਦਾਇਸ਼ ਥਾਪ ਵਾਲੇ ਵਰਕੇ ਤੋਂ ਅਤੇ 2 ਹਰਫ਼ਾਂ ਦੀ ਪੈਦਾਇਸ਼ ਧਾਮੇਂ ਵਾਲੇ ਵਰਕੇ ਤੋਂ ਹੁੰਦੀ ਹੈ । ਪਖਾਵਜ ਦੇ 7 ਹਰਫ਼ਾਂ ਦੀ ਤਰਤੀਬ ਇੱਸ ਪ੍ਰਕਾਰ ਹੈ –

ਧਾਮੇਂ ਵਾਲੇ ਵਰਕੇ ਦੇ ਹਰਫ਼ : 1.ਘੇ ਜਾਂ ਗ ਜਾਂ ਗੇ 2. ਕਤ ਜਾਂ ਕਿ ਜਾਂ ਕੇ

ਥਾਪ ਵਾਲੇ ਵਰਕੇ ਦੇ ਹਰਫ :

1.ਤਾ ਜਾਂ ੜਾ 2. ਦੂੰ ਜਾਂ ਦੀ 3. ਤਤ੍ ਜਾਂ ਤਕ੍ 4. ਨਾ 5. ਤਿ/ਤੇ/ਟ/ਨ੍/ੜ੍

**ਪਖਾਵਜ ਦੀ ਬੈਠਕ:** ਪਖਾਵਜ ਸਾਜ਼ ਨੂੰ ਵਜਾਉਣ ਲਈ ਵੀ ਉਸਤਾਦਾਂ ਵਲੋ ਬੈਠਕ ਨਿਰਧਾਰਤ ਕੀਤੀ ਗਈ ਹੈ। ਪਖਾਵਜ ਦੇ ਹਰੇਕ ਘਰਾਣੇ ਦੀ ਬੈਠਕ ਵੱਖਰੇ ਢੰਗ ਦੀ ਹੈ। ਕੁੱਝ ਕਲਾਕਾਰ ਇਸ ਨੂੰ ਗੋਦੀ ਵਿੱਚ ਰੱਖ ਕੇ ਵਜਾਉਂਦੇ ਹਨ ਅਤੇ ਕੁੱਝ ਚੌਕੜੀਮਾਰ ਕੇ ਸਾਹਮਣੇ ਜ਼ਮੀਨ ਤੇ ਲਿਟਾ ਕੇ ਵਜਾਉਂਦੇ ਹਨ। ਪੰਜਾਬ ਘਰਾਣੇ ਦੇ ਪਖਾਵਜੀ ਇੱਸ ਨੂੰ ਇਸ ਪ੍ਰਕਾਰ ਵਜਾਉਂਦੇ ਹਨ ਕਿ ਪਖਾਵਜ ਦਾ ਵਾਦਨ ਸੁਖਦਾਇਕ ਰਹੇ। ਚੌਕੜੀ ਮਾਰ ਕੇ ਥਾਪ ਵਾਲੇ ਪਾਸੇ ਦੀ ਲੱਤ ਨੂੰ ਇੱਸ ਤਰ੍ਹਾਂ ਰੱਖਿਆ ਜਾਂਦਾ ਹੈ ਕਿ ਪੈਰ ਦੇ ਗਿੱਟੇ ਉਤੇ ਪਖਾਵਜ ਦੇ ਥਾਪ ਵਾਲੇ ਪਾਸੇ ਤੇ ਟਿਕਾ ਕੇ ਖੱਬੀ ਲੱਤ ਦਾ ਗੋਡਾ ਪਖਾਵਜ ਦੀ ਗੋਗੜ ਤੇ ਰੱਖਿਆ ਜਾਂਦਾ ਹੈ ਕਿ ਜਕੜ ਤੇ ਪਕੜ ਬਣੀ ਰਹੇ। ਕਲਾਕਾਰ ਵਲੋਂ ਪਖਾਵਜ ਦੇ ਠੀਕ ਰੱਖ ਰਖਾਵ ਅਤੇ ਠੀਕ ਬੈਠਕ ਤੋਂ ਬਾਅਦ ਹੀ ਪਖਾਵਜ ਦੇ ਵਾਦਨ ਦੀ ਸ਼ੁਰੂਆਤ ਹੁੰਦੀ ਹੈ ।

**ਪਖਾਵਜ ਦੇ ਘਰਾਣੇ:** ਡਾ.ਸ਼ਿਆਮਦਾਸ ਮਿਸ਼ਰਾ ਤਬਲਾ-ਪਰਿਭਾਸ਼ਾ ਕੋਸ਼ ਵਿੱਚ ਲਿਖਦੇ ਹਨ ਕਿ,"ਕਿਸੇ ਵੀ ਗੁਰੂ ਦੁਆਰਾ ਇੱਕ ਪ੍ਰਕਾਰ ਸਿਖਾਇਆ ਗਿਆ ਬਾਜ ਜੋ ਆਪਣੀ ਅਲੱਗ ਵਿਸ਼ੇਸਤਾ ਲਈ ਹੁੰਦਾ ਹੈ ਅਥਵਾ ਕਿਸੀ ਖ਼ਾਨਦਾਨ ਵਿੱਚ ਕੋਈ ਵਿਦਿਆ ਕਈ ਪੀੜ੍ਹੀਆਂ ਤੋਂ ਚਲੀ ਆਈ ਹੈ ਤਾਂ ਉਸ ਖ਼ਾਨਦਾਨ ਨੂੰ ਵਿੱਦਿਆ ਦਾ ਘਰਾਣਾਂ ਕਹਾਂਗੇ "। 7

ਸ਼ਾਸਤਰੀ ਸੰਗੀਤ ਦੇ ਵਿਕਾਸ ਵਿੱਚ ਸੰਗੀਤਕ ਘਰਾਣਿਆਂ ਦਾ ਮਹੱਤਵਪੂਰਨ ਯੋਗਦਾਨ ਰਿਹਾ ਹੈ। ਸ਼ਾਸਤਰੀ ਸੰਗੀਤ ਇੱਕ ਮੌਖਿਕ ਕਿਰਿਆ ਹੈ ਜੋ ਗੁਰੂ ਦੇ ਸਾਹਮਣੇ ਬੈਠ ਕੇ ਗੁਰੂ ਦੀ ਰਹਿਨਮਾਈ ਵਿੱਚ ਸ਼ਰਧਾ ਅਤੇ ਸੇਵਾ ਭਾਵਨਾਂ ਨਾਲ ਨਿਰੰਤਰ ਸਿਖਲਾਈ ਹੈ। ਘਰਾਣੇ ਵਿੱਚ ਗੁਰੂ ਸ਼ਿਸ਼ ਪਰੰਪਰਾ ਕਲਾ ਦੇ ਨਿਰੰਤਰ ਵਿਕਾਸ ਦੀ ਇੱਕ ਮਹੱਤਵਪੂਰਨ ਕੜੀ ਹੈ ਜਿਸ ਨਾਲ ਕਲਾ ਨੂੰ ਉਸਤਾਦਾਂ ਅਤੇ ਸਾਗਿਰਦਾਂ ਵਲੋਂ ਅੱਗੇ ਤੋਰਿਆ ਜਾਂਦਾ ਹੈ। ਸ਼ਾਗਿਰਦ ਨੂੰ ਉਸਤਾਦ ਤੇ ਨਿਰਭਰ ਰਹਿਣਾਂ ਪੈਂਦਾ ਹੈ। ਉਸਤਾਦ ਅਪਣੇ ਸ਼ਾਗਿਰਦ ਨੂੰ ਈਮਾਨਦਾਰੀ ਨਾਲ ਆਲਾ ਦਰਜ਼ੇ ਦਾ ਪ੍ਰਤੀਭਾਸ਼ਾਲੀ ਕਲਾਕਾਰ ਬਣਾਉਂਦੇ ਹਨ। ਪਖਾਵਜ ਦੇ ਵੱਖ ਵੱਖ ਘਰਾਣਿਆ ਦਾ ਮਹੱਤਵਪੂਰਨ ਇੱਤਿਹਾਸ ਹੈ ਜਿਨ੍ਹਾਂ ਨੇ ਪੀੜੀ ਦਰ ਪੀੜ੍ਹੀ ਪਖਾਵਜ ਦੀ ਕਲਾ ਨੂੰ ਸੰਭਾਲ ਕੇ ਰੱਖਿਆ ਹੈ। ਪਖਾਵਜ ਦੇ ਮੁਖ ਤੌਰ ਤੇ ਹੇਠ ਲਿਖੇ ਘਰਾਣੇ ਹੋਏ ਹਨ –

1. ਜਾਲਵੀ ਘਰਾਣਾਂ 2. ਕਦਊ ਸਿੰਘ ਘਰਾਣਾਂ 3. ਨਾਨਾ ਪਾਨਸੇ ਘਰਾਣਾਂ 4.ਅਵਧੀ ਘਰਾਣਾਂ
5. ਨਾਥ ਦੁਆਰਾ ਘਰਾਣਾਂ 6. ਪੰਜਾਬ ਘਰਾਣਾਂ

**ਪੰਜਾਬ ਘਰਾਣਾਂ:** ਮੱਧ ਕਾਲ ਵਿੱਚ ਧਰੂਵਪੱਦ ਧਮਾਰ ਤੇ ਪਖਾਵਜ ਦੇ ਵਿਕਾਸ ਦਾ ਸੁਨਹਿਰੀ ਯੁੱਗ ਮੰਨਿਆ ਜਾਂਦਾ ਹੈ।ਧਰੂਵਪੱਦ ਧਮਾਰ ਗਾਇਕ ਨੂੰ ਕਲਾਵੰਤ ਕਿਹਾ ਜਾਂਦਾ ਸੀ। ਅਕਬਰ ਦੇ ਦਰਬਾਰ ਵਿੱਚ ਮੀਆਂ ਤਾਨਸੈਨ ਮੱਧ ਕਾਲ ਦੇ ਮਹਾਨ ਗਾਇਕ ਹੋਏ ਹਨ। ਇੱਨ੍ਹਾਂ ਨਾਲ ਪਖਾਵਜ ਤੇ ਲਾਲਾ ਭਗਵਾਨ ਦਾਸ ਪਖਾਵਜੀ ਸੰਗਤ ਕਰਦੇ ਸਨ। ਲਾਲਾ ਭਗਵਾਨ ਦਾਸ ਪਖਾਵਜੀ ਨੂੰ ਪਖਾਵਜ ਦਾ ਯੁਗ ਪੁਰਸ਼ ਮੰਨਿਆ ਜਾਂਦਾ ਹੈ। ਲਾਲਾ ਭਗਵਾਨ ਦਾਸ ਪਖਾਵਜੀ ਦਾ ਜ਼ਿਕਰ ਮੱਧ ਕਾਲ ਦੇ ਗ੍ਰੰਥ 'ਰਾਗ ਦਰਪਣ' ਵਿੱਚ ਵੀ ਮਿਲਦਾ ਹੈ। ਫ਼ਕੀਰ ਉਲ੍ਹਾ ਕ੍ਰਿਤ ਰਾਗ ਦਰਪਣ ਦੇ ਦਸਵੇਂ ਅਧਿਆਇ ਦੇ ਆਧਾਰ ਤੇ ਆਚਾਰੀਆ ਬ੍ਰਹਿਸਪਤੀ ਲਿਖਦੇ ਹਨ ਕਿ –"ਭਗਵਾਨ ਦਾਸ ਪਖਾਵਜੀ ਅਕਬਰ ਦਰਬਾਰ ਦੇ ਦਰਬਾਰੀ ਪਖਾਵਜੀ ਸਨ ਅਤੇ ਉਨ੍ਹਾਂ ਨੇ ਤਾਨਸੈਨ ਦੀ ਸੰਗਤ ਵੀ ਕੀਤੀ । " 8

ਲਾ.ਲਾ ਭਗਵਾਨ ਦਾਸ ਪਖਾਵਜੀ ਸੰਬਧੀ ਡਾ.ਯੋਗ ਮਾਇਆ ਸ਼ੁਕਲ ਲਿਖਦੇ ਹਨ ਕਿ "ਸਤਾਰਵੀਂ ਸਦੀ ਦੇ ਗ੍ਰੰਥ ਰਾਗ ਦਰਪਣ ਤੋਂ ਪਤਾ ਚਲਦਾ ਹੈ ਕਿ ਮੱਧ ਯੁੱਗ ਦੇ ਵਿੱਚੋਂ ਤਾਨਸੇਨ ਦੇ ਸੰਗਤਕਾਰ ਭਗਵਾਨ ਪਖਾਵਜੀ ਅਕਬਰ ਦੇ ਦਰਬਾਰੀ ਕਲਾਕਾਰ ਸਨ ਅਤੇ ਪੰਜਾਬ ਦੇ ਫਿਰੋਜ਼ ਖਾਨ ਢਾਡੀ ਮੁਗਲ ਸਮਰਾਟ ਔਰੰਗਜ਼ੇਬ ਦੇ ਦਰਬਾਰੀ ਪਖਾਵਜੀ ਸਨ। "9

ਲੇਖਕ ਦੇ ਸੰਗੀਤ ਗੁਰੂ ਅਚਾਰੀਆ ਉਸਤਾਦ ਲਛਮਨ ਸਿਘ ਸੀਨ ਪੰਜਾਬ ਘਰਾਣਾਂ ਦੇ ਮੁਤਾਬਿਕ, "ਸਵਾਮੀ ਹਰੀ ਦਾਸ, ਮੀਆਂ ਤਾਨਸੈਨ, ਬੈਜੂ ਬਾਵਰਾ ਅਤੇ ਲਾਲਾ ਭਗਵਾਨ ਦਾਸ ਪਖਾਵਜੀ ਆਦਿ ਪੰਜਾਬ ਦੇ ਦੁਆਬਾ ਇਲਾਕੇ ਦੇ ਸਨ ਜਿਨ੍ਹਾਂ ਦੀ ਤਾਲੀਮ ਸਵਾਮੀ ਹਰੀ ਦਾਸ ਜੀ ਦੁਵਾਰਾ ਹੋਈ। ਲਾਲਾ ਭਗਵਾਨ ਦਾਸ ਜੀ ਨੇ ਪਖਾਵਜ ਦੇ ਨਾਲ ਧਰੂਵਪਦ ਵੀ ਸਵਾਮੀ ਜੀ ਤੋਂ ਸਿੱਖਿਆ। ਪਖਾਵਜੀਆਂ ਨੂੰ ਧਰੂਵਪਦ ਅਤੇ ਧਰੂਵਪਦੀਆਂ ਨੂੰ ਪਖਾਵਜ ਗਿਆਨ ਹੁੰਦਾ ਸੀ। ਧਰੂਪਦ ਗਾਇਕ ਨੂੰ ਕਲਾਵੰਤ ਕਿਹਾ ਜਾਂਦਾ ਸੀ। ਉਸ ਵੇਲੇ ਪੰਜਾਬ ਵਿੱਚ ਧਰੂਵਪਦ ਧਮਾਰ ਅਤੇ ਪਖਾਵਜ ਦਾ ਪ੍ਰਚਾਰ ਸ਼ਿਖਰਾਂ ਤੇ ਸੀ। ਸੰਗੀਤ ਅਤੇ ਸਾਹਿਤ ਵਿੱਚ ਨਿਪੁੰਨ ਕਲਾਵੰਤਾਂ ਨੂੰ ਵਾਗਿਆਕਾਰ ਕਿਹਾ ਜਾਂਦਾ ਸੀ। ਪੰਜਾਬ ਵਿੱਚ ਧਰੂਵਪਦ ਦੇ ਘਰਾਣਿਆਂ ਦਾ ਵੱਡਮੁਲਾ ਯੋਗਦਾਨ ਰਿਹਾ ਹੈ ਜੋ ਪੰਜਾਬ ਦੇ ਦੁਆਬੇ ਇਲਾਕੇ ਵਿੱਚ ਵਿੱਚ ਵਿਕਸਤ ਹੋਏ ਇੱਸ ਪਕ੍ਰਾਰ ਹਨ – 1.ਤਲਵੰਡੀ ਘਰਾਣਾਂ 2. ਕਪੂਰਥਲਾ ਘਰਾਣਾਂ 3.ਬਜਵਾੜਾ ਘਰਾਣਾਂ 4. ਹਰਿਆਣਾਂ ਘਰਾਣਾਂ 5.ਸ਼ਾਮਚੁਰਾਸੀ ਘਰਾਣਾਂ

ਇਨ੍ਹਾਂ ਘਰਾਣਿਆਂ ਵਿੱਚ ਚੋਟੀ ਦੇ ਗਾਇਕ ਵਾਦਕ ਹੁੰਦੇ ਸਨ। ਇਹ ਘਰਾਣੇਂ ਆਪੋ ਆਪਣੀ ਵਿਸ਼ੇਸ਼ਤਾ ਕਰਕੇ ਹਰਮਨ ਪਿਆਰੇ ਸਨ। ਧਰੂਵਪਦ ਗਾਇਕ ਸਵਾਮੀ ਹਰਿਬਲਬ ਗਿਰੀ ਜੀ ਨੇ ਸਵਾਮੀ ਹਰੀਦਾਸ ਜੀ ਅਤੇ ਮੀਆਂ ਤਾਨਸੈਨ ਨੂੰ ਸਮਰਪਿਤ ਜਲੰਧਰ ਵਿੱਚ ਸੰਗੀਤ ਉਤਸਵ ਸ਼ੁਰੂ ਕੀਤਾ ਜੋ ਨਿਰੰਤਰ ਜ਼ਾਰੀ ਹੈ। ਸਵਾਮੀ ਹਰਿਬਲਬ ਜੀ ਦੇ ਗੁਰੂ ਸਵਾਮੀ ਤੁਲਜਾ ਗਿਰੀ ਉਚਕੋਟੀ ਦੇ ਧਰੂਵਪਦ ਗਾਇਕ ਸਨ। ਧਰੂਵਪਦ ਗਾਇਕੀ ਪੰਜਾਬ ਵਿੱਚ ਜਨਮੀ, ਵਿਕਸਤ ਹੋਈ ਅਤੇ ਭਾਰਤ ਵਿੱਚ ਰਾਜ ਦਰਬਾਰਾਂ ਦੀ ਸ਼ਾਨ ਬਣ ਗਈ। " 10

ਲਾਲਾ ਭਗਵਾਨ ਦਾਸ ਪਖਾਵਜੀ ਸਬੰਧੀ ਡਾ.ਅਬਾਨ ਈ ਮਿਸਤ੍ਰੀ ਲਿਖਦੇ ਹਨ ਕਿ " ਲਾਲਾ ਭਗਵਾਨ ਦਾਸ ਲਈ ਇੱਕ ਮਾਨਤਾ ਹੈ ਕਿ ਉਹ ਕਦਾਚਿਤ ਸਵਾਮੀ ਹਰਿਦਾਸ ਦੀ ਸ਼ਿਸ਼ ਪਰੰਪਰਾ ਨਾਲ ਸਬੰਧਤ ਸਨ।"ਸਾਨੂੰ ਅਕਬਰ ਕਾਲ ਦੇ ਦੋ ਚੋਟੀ ਦੇ ਪਖਾਵਜ ਵਾਦਕਾਂ ਦਾ ਨਾਮ ਮਿਲਦਾ ਹੈ। ਇੱਕ ਜਗਪਤ ਪਖਾਵਜੀ ਅਤੇ ਦੂਸਰਾ ਲਾਲਾ ਭਗਵਾਨ ਦਾਸ ਪਖਾਵਜੀ। ਜਗਪਤ ਪਖਾਵਜੀ ਦੀ ਸ਼ਿਸ਼ ਪਰੰਪਰਾ ਉਪਲਬੱਧ ਨਹੀ ਹੁੰਦੀ। " 11

ਪੰਜਾਬ ਘਰਾਣੇ ਦੀ ਪਖਾਵਜ ਦੀ ਪਰੰਪਰਾ ਦੇ ਆਦਿ ਪੁਰਖ ਬਾਬਾ ਕਾਦਿਰ ਬਖਸ਼ ਪਖਾਵਜੀ ਹਨ। ਬਾਬਾ ਕਾਦਿਰ ਬਖਸ਼ ਪਖਾਵਜੀ ਨੇ ਪਖਾਵਜ ਦੀ ਉਚੇਰੀ ਤਲੀਮ ਲਾਲਾ ਭਗਵਾਨ ਦਾਸ ਤੋਂ ਬੜੀਆਂ ਕਠਿਨਾਈਆਂ ਨਾਲ ਪ੍ਰਾਪਤ ਕੀਤੀ। ਪੰਜਾਬ ਘਰਾਣੇ ਦੀ ਪਖਾਵਜ ਦੇ ਸਿਲਸਲੇ ਦੀ ਬੁਨਿਆਦ 16ਵੀਂ ਸਦੀ (ਅਕਬਰ ਕਾਲ) ਵਿੱਚ ਬਾਬਾ ਕਾਦਿਰ ਬਖਸ਼ ਪਖਾਵਜੀ ਵਲੋਂ ਰੱਖੀ ਗਈ ਜਿਸ ਕਰਕੇ ਪੰਜਾਬ ਘਰਾਣੇ ਦਾ ਪ੍ਰਵਰਤਕ ਬਾਬਾ ਕਾਦਿਰ ਬਖਸ਼ ਨੂੰ ਮੰਨਿਆ ਜਾਂਦਾ ਹੈ। ਬਾਬਾ ਕਾਦਿਰ ਬਖਸ਼ ਪਖਾਵਜੀ ਦੀ ਤਾਲੀਮ ਨਾਲ ਸੰਬਧਤ ਇੱਕ ਦਿਲਚਸਪ ਘਟਨਾਂ ਜੋ ਮੈਨੂੰ ਮੇਰੇ ਉਸਤਾਦ ਜੀ ਸੰਗੀਤ ਅਚਾਰੀਆ ਉਸਤਾਦ ਲਛਮਨ ਸਿੰਘ ਸੀਨ ਜੀ ਨੇ ਦੱਸੀ ਸਾਂਝੀ ਕਰ ਰਿਹਾ ਹਾਂ – " ਬਾਬਾ ਕਾਦਿਰ ਬਖਸ਼ ਨੂੰ ਪਖਾਵਜ ਦੀ ਉਚੇਰੀ ਤਾਲੀਮ ਲੈਣ ਦਾ ਅਥਾਹ ਚਾਅ ਸੀ। ਉਸ ਸਮੇਂ ਦੇ ਪਖਾਵਜ ਦੇ ਯੁਗ ਪੁਰਸ਼ ਲਾਲਾ ਭਗਵਾਨ ਦਾਸ ਜੀ ਕੋਲੋ ਬਾਬਾ ਕਾਦਿਰ ਬਖਸ਼ ਨੇ ਅਗੇਰਲੀ ਤਾਲੀਮ ਪ੍ਰਾਪਤ ਕਰਨ ਦਾ ਮਨ ਬਣਾਂ ਲਿਆ। ਲਾਲਾ ਭਗਵਾਨ ਦਾਸ ਪਖਾਵਜੀ ਉਹਨੀ ਦਿਨੀ ਬਾਦਸ਼ਾਹ ਅਕਬਰ ਦੇ ਦਰਬਾਰੀ ਪਖਾਵਜੀ ਸਨ ਜੋ ਮੀਆਂ ਤਾਨਸੈਨ ਨਾਲ ਸੰਗਤ ਕਰਿਆ ਕਰਦੇ ਸਨ। ਬਾਬਾ ਕਾਦਿਰ ਬਖਸ਼ ਪਖਾਵਜੀ ਕਠਨਾਈਆਂ ਦਾ ਸਾਹਮਣਾਂ ਕਰਦੇ ਹੋਏ ਦਿੱਲੀ ਪਹੁੰਚ ਗਏ। ਉਨ੍ਹਾਂ ਸਮਿਆਂ ਵਿੱਚ ਉਸਤਾਦ ਕੋਲੋ ਤਾਲੀਮ ਲੈਣ ਲਈ ਸ਼ਗਿਰਦ ਬਣਨ ਲਈ ਕਈ ਪ੍ਰੀਖਿਆਵਾਂ ਵਿੱਚੋਂ ਲੰਘਣਾਂ ਪੈਂਦਾ ਸੀ ਤੇ ਉਸਤਾਦ ਸਾਹਿਬ ਦੇ ਕੋਲ ਰਹਿ ਕੇ ਗੁਰੂ ਮੁਖ ਤੋਂ ਤਾਲੀਮ ਹਾਂਸਿਲ ਕਰਨ ਦਾ ਸਿਲਸਿਲਾ ਸੀ ਜਿਸ ਦਾ ਆਧਾਰ ਗੁਰੂ ਪ੍ਰਤੀ ਸ਼ਰਧਾ ਭਾਵਨਾਂ,ਸੇਵਾ ਭਾਵਨਾਂ ਅਤੇ ਰਿਆਜ ਦੀ ਅਟੁੱਟ ਸਾਧਨਾਂ ਸੀ ਜੋ ਗੁਰੂ ਦੀ ਨਿਰਦੇਸ਼ਨਾਂ ਵਿੱਚ ਹੁੰਦੀ ਸੀ।

ਬਾਬਾ ਕਾਦਿਰ ਬਖਸ਼ ਵੀ ਪਖਾਵਜ ਦੀ ਤਾਲੀਮ ਪ੍ਰਪਤ ਕਰਨ ਦੀ ਆਸ ਨਾਲ ਲਾਲਾ ਭਗਵਾਨ ਦਾਸ ਕੋਲ ਆਪਣਾ ਭੇਸ ਬਦਲ ਕੇ ਨੌਕਰ ਹੋ ਗਏ ਅਤੇ ਦਿਨ ਰਾਤ ਲਾਲਾ ਦੀ ਸੇਵਾ ਵਿੱਚ ਲੱਗੇ ਰਹਿੰਦੇ।ਪਰ ਅੰਦਰੋਂ ਬਾਬਾ ਕਾਦਿਰ ਬਖਸ਼ ਦੀ ਲਗਨ ਪਖਾਵਜ ਦੀ ਤਾਲੀਮ ਹਾਸਿਲ ਕਰਨ ਵਿੱਚ ਸੀ।ਲਾਲਾ ਭਗਵਾਨ ਦਾਸ ਜੀ ਜਦੋਂ ਘੰਟਿਆਂ ਬੱਧੀ ਪਖਾਵਜ ਦਾ ਰਿਆਜ਼ ਕਰਦੇ ਤਾਂ ਬਾਬਾ ਕਾਦਿਰ ਬਖਸ਼ ਵੀ ਬੜੇ ਧਿਆਨ ਨਾਲ ਸੁਣਦੇ ਰਹਿੰਦੇ। ਜਦੋਂ ਲਾਲਾ ਜੀ ਅਕਬਰ ਦੇ ਦਰਬਾਰ ਚਲੇ ਜਾਂਦੇ ਤਾਂ ਜੋ ਪਖਾਵਜ ਸੁਣਿਆਂ ਹੁੰਦਾ ਸੀ ਉਸ ਦਾ ਬਾਬਾ ਕਾਦਿਰ ਬਖਸ਼ ਘੰਟਿਆਂ ਬੱਧੀ ਰਿਆਜ਼ ਕਰਦੇ ਰਹਿੰਦੇ।ਇੱਕ ਦਿਨ ਅਚਾਨਕ ਲਾਲਾ ਭਗਵਾਨ ਦਾਸ ਜੀ ਨੇ ਕਾਦਿਰ ਬਖਸ਼ ਨੂੰ ਰਿਆਜ਼ ਕਰਦਿਆਂ ਸਣਿਆਂ ਤਾਂ ਹੈਰਾਨ ਹੋਏ ਤੇ ਖੁਸ਼ ਵੀ ਹੋਏ ਪਰ ਤਹਿਜ਼ੀਬ ਦੀ ਉਲੰਘਣਾਂ ਕਰ ਕੇ ਲਾਲਾ ਜੀ ਨੇ ਕਾਦਿਰ ਬਖਸ਼ ਨੂੰ ਬਹੁਤ ਡਾਂਟਿਆ ਇੱਥੋਂ ਤਕ ਕਿ ਇੱਲਮ ਦਾ ਚੋਰ ਵੀ ਕਹਿ ਦਿੱਤਾ। ਆਖਿਰ ਕਾਦਿਰ ਬਖਸ਼ ਦੀ ਲਗਨ, ਸ਼ਰਧਾ ਭਾਵਨਾਂ, ਸਿੱਖਣ ਅਤੇ ਰਿਆਜ਼ ਕਰਨ ਦੀ ਤੀਵਰ ਇੱਛਾ ਨੂੰ ਜਾਣਦਿਆ ਹੋਇਆਂ ਸ਼ਾਬਾਸ਼ ਵੀ ਦਿੱਤੀ ਅਤੇ ਪਖਾਵਜ ਦੇ ਗੁੱਝੇ ਸਬਕ ਦੀ ਖੁਲ੍ਹੇ ਦਿਲੋਂ ਤਾਲੀਮ ਦੇਣ ਦੇ ਸਿਲਸਿਲੇ ਦਾ ਆਗਾਜ਼ ਹੋ ਗਿਆ। ਕਾਦਿਰ ਬਖਸ਼ ਨੇ ਪਖਾਵਜ ਦੀ ਖੂਬ ਤਪਸਿਆ ਕੀਤੀ ਤੇ ਕੁੱਝ ਅਰਸੇ ਬਾਅਦ ਬਾਬਾ ਕਾਦਿਰ ਬਖਸ਼ ਪ੍ਰਤਿਭਾਸ਼ਾਲੀ ਸਿੱਧ ਹਸਤ ਪਖਾਵਜੀ ਹੋ ਨਿਬੜੇ। ਬਾਬਾ ਕਾਦਿਰ ਬਖਸ਼ ਪਖਾਵਜੀ ਦੇ ਸਿਲਸਿਲੇ ਦੀ ਇੱਸ ਤਰ੍ਹਾਂ ਬੁਨਿਆਦ ਬੱਝਦੀ ਹੈ ਜੋ ਪੀੜ੍ਹੀ ਦਰ ਪੀੜ੍ਹੀ ਬਾਬਾ ਕਾਦਿਰ ਬਖਸ਼ ਦੇ ਕਾਬਿਲ ਸ਼ਾਗਿਰਦਾਂ ਵਲੋਂ ਨਿਰੰਤਰ ਅੱਗੇ ਵੱਧਦੀ ਗਈ। ਅੱਗੇ ਚਲ ਕੇ 19ਵੀਂ ਸਦੀ ਵਿੱਚ ਇੱਹ ਸਿਲਸਿਲਾ ਉਖਲੀ ਧਾਮਾਂ ਅਤੇ ਤਬਲਾ ਦੇ ਰੂਪ ਵਿੱਚ ਲਾਲਾ ਭਵਾਨੀ ਦਾਸ ਦੇ ਯਤਨਾਂ ਸਦਕਾ ਪੰਜਾਬ

ਘਰਾਣੇ ਦੇ ਨਾਮ ਨਾਲ ਪ੍ਰਚਲੱਤ ਅਤੇ ਖਾਸ ਵਿਸ਼ੇਸ਼ਤਾਵਾਂ ਕਰਕੇ ਹਰਮਨ ਪਿਆਰਾ ਹੋਇਆ। "12

ਬਾਬਾ ਕਾਦਿਰ ਬਖਸ਼ ਨੇ ਪਖਾਵਜ ਦੇ ਇਸ ਸਿੱਲਸਿਲੇ ਨੂੰ ਕਾਬਿਲ ਸ਼ਾਗਿਰਦਾਂ ਨੇ ਅੱਗੇ ਤੋਰਿਆ ਜਿੰਨ੍ਹਾਂ ਦੇ ਨਾਮ ਉਪਲਬੱਧ ਨਹੀਂ ਹਨ। ਔਰੰਗਜ਼ੇਬ ਦੇ ਸਮੇਂ ਕ੍ਰਿਪਾਲ ਰਾਏ ਪਖਾਵਜੀ ਅਤੇ ਘਸੀਟਾ ਪਖਾਵਜੀ ਦਾ ਜ਼ਿਕਰ ਆਉਂਦਾ ਹੈ। ਇਸ ਤੋਂ ਬਾਅਦ ਫਿਰੋਜ਼ ਖਾਂ, ਬਾਬਾ ਹੱਦੂ ਖਾਂ, ਕਾਦਿਰ ਬਖਸ਼ (19ਵੀਂ ਸਦੀ), ਲਾਲਾ ਭਵਾਨੀ ਦਾਸ, ਖੱਬੇ ਹੁਸੈਨ, ਅਮੀਰ ਅਲੀ, ਕਦਊ ਸਿੰਘ, ਬਾਬਾ ਹੁਸੈਨ ਬਖਸ਼, ਮੀਆਂ ਫ਼ਕੀਰ ਬਖਸ਼, ਬਾਬਾ ਫਤਹਿ ਦੀਨ, ਬਾਬਾ ਮਲੰਗ ਖਾਂ, ਬਾਬਾ ਮੁਖਤਾਰ ਖਾਂ, ਬਾਬਾ ਹਮੀਦਾ, ਫ਼ੈਆਜ਼ ਖਾਂ (ਮਲੰਗ ਖਾਂ ਦੇ ਫ਼ਰਜ਼ੰਦ), ਮੀਆਂ ਤਾਲਿਬ ਹੁਸੈਨ ਖਾਂ, ਅਨਾਇਤ ਅਲੀ, ਉਸਤਾਦ ਅੱਲਾ ਲੋਕ ਆਦਿ ਦੇ ਨਾਮ ਵਰਨਣ ਯੋਗ ਹਨ ਜਿਨ੍ਹਾਂ ਨੇ ਪੰਜਾਬ ਘਰਾਣੇ ਦੇ ਲਾਹੌਰ ਬਾਜ ਦੇ ਸਿਲਸਿਲੇ ਨੂੰ ਸੰਭਾਲਿਆ ਤੇ ਪ੍ਰਚਾਰਿਆ। ਭਾਰਤ ਵਿੱਚ ਪਖਾਵਜ ਦੇ ਲਾਹੋਰ ਬਾਜ ਦੇ ਸਿਲਸਿਲੇ ਨੂੰ ਉਸਤਾਦ ਲਛਮਨ ਸਿੰਘ ਸੀਨ ਦੇ ਸ਼ਾਗਿਰਦ ਪ੍ਰੋ.ਹਰਭਜਨ ਸਿੰਘ ਧਾਰੀਵਾਲ ਅਜੋਕੇ ਸਮੇਂ ਸੰਭਾਲ ਤੇ ਪ੍ਰਚਾਰ ਕਰ ਰਹੇ ਹਨ। ਪੰਜਾਬ ਵਿੱਚ ਤਿੰਨ ਪ੍ਰਕਾਰ ਦੇ ਬਾਜ ਪ੍ਰਚੱਲਤ ਹੋਏ। ਲਾਹੌਰ ਬਾਜ, ਅੰਬਰਸਰੀ ਬਾਜ ਅਤੇ ਕਸੂਰ ਬਾਜ। ਇਨ੍ਹਾਂ ਵਿੱਚੋਂ ਦੋ ਬਾਜਾਂ ਦਾ ਸੰਬਧ ਪਖਾਵਜ ਨਾਲ ਹੈ

**ਪੰਜਾਬ ਘਰਾਣੇ ਦੇ ਪਖਾਵਜ ਦੀ ਵਿਲੱਖਣਤਾ:** ਪਖਾਵਜ ਦੇ ਹਰੇਕ ਘਰਾਣੇ ਦੀ ਆਪਣੀ ਵਿਸ਼ੇਸਤਾ ਹੈ। ਪਖਾਵਜ ਦੇ ਆਰੰਭ ਕਰਨ ਦਾ ਢੰਗ, ਥਾਪ ਦਾ ਢੰਗ, ਬੈਠਕ ਦਾ ਢੰਗ, ਹਰਫ਼ਾਂ ਦੀ ਨਿਕਾਸ ਵਿੱਧੀ ਦਾ ਢੰਗ, ਤਾਲਾਂ ਦੇ ਠੇਕਿਆਂ ਦੀ ਸ਼ਕਲ ਅਤੇ ਏਕਲ ਵਾਦਨ ਦਾ ਢੰਗ ਇੱਕ ਦੂਜੇ ਤੋਂ ਵੱਖਰਾ ਹੈ। ਪਖਾਵਜ ਦੇ ਪੰਜਾਬ ਘਰਾਣੇ ਤੋਂ ਪਹਿਲਾਂ ਹੋਰ ਘਰਾਣਿਆਂ ਦੀ ਵਿਸ਼ੇਸ਼ਤਾ ਬਾਰੇ ਸੰਖੇਪ ਰੂਪ ਵਿੱਚ ਅਧਿਐਨ ਕਰਨਾਂ ਵੀ ਜ਼ਰੂਰੀ ਜਿਹਾ ਲਗਦਾ ਹੈ ।

"ਜਾਲਵੀ ਘਰਾਣੇ ਦਾ ਉਲੇਖ ਅਤੇ ਜਾਣਕਾਰੀ ਲਿਖਤ ਰੂਪ ਵਿੱਚ ਪ੍ਰਾਪਤ ਨਹੀ ਹੁੰਦੀ। "13

ਲਾਲਾ ਭਵਾਨੀ ਦਾਸ ਦੇ ਸ਼ਾਗਿਰਦ ਕਦਊ ਸਿੰਘ ਜੋ 18ਵੀਂ ਸਦੀ ਵਿੱਚ ਦਤਿਆ ਰਿਆਸਤ ਵਿੱਚ ਰਾਜਾ ਭਵਾਨੀ ਸਿੰਘ ਦੇ ਦਰਬਾਰੀ ਪਖਾਵਜੀ ਸਨ। ਇੱਨ੍ਹਾਂ ਨੇ ਆਪਣੀ ਸਾਧਨਾ ਨਾਲ ਨਵੀ ਸ਼ੈਲੀ ਨੂੰ ਜਨਮ ਦਿੱਤਾ ਜੋ ਕਦਊ ਸਿੰਘ ਘਰਾਣੇ ਨਾਲ ਵਿਕਸਤ ਹੋਈ। ਡਾ.ਅਨਾਮਿਕਾ ਕੁਮਾਰੀ ਕਦਊ ਸਿੰਘ ਘਰਾਣੇ ਬਾਰੇ ਲਿਖਦੇ ਹਨ,"ਬਾਜ ਵਿੱਚ ਗੰਭੀਰਤਾ, ਪ੍ਰਬਲਤਾ ਅਤੇ ਭਗਤੀ ਉਪਾਸਨਾਂ ਦਿਖਾਈ ਹੈ। ਪਰਣਾਂ ਦੀ ਕਸ਼ਿਟਤਾ ਅਤੇ ਵਚਿਤਰਤਾ ਸੁਣਨ ਨੂੰ ਮਿਲਦੀ ਹੈ। ਘਿੜਨਗ, ਘਿੜਾਂਨ, ਧੁਮਕਿਟ ਅਤੇ ਧੇਤਾ ਆਦਿ ਬੋਲਾਂ ਦੀ ਪ੍ਰਮੁੱਖਤਾ ਹੁੰਦੀ ਹੈ। " 14

ਨਾਨਾ ਪਾਨਸੇ ਦੇ ਘਰਾਣੇ ਦੀ ਵਾਦਨ ਸ਼ੈਲੀ ਬਾਰੇ ਡਾ. ਮਨੋਹਰ ਬਾਲਚੰਦ ਮਰਾਠੇ ਅਨੁਸਾਰ," ਉਨ੍ਹਾਂ ਦਾ ਬਾਜ ਸਰਲ ਤੇ ਮੁਲਾਇਮ ਸੀ, ਛੋਟੀਆਂ ਪਰਣਾਂ, ਸਰਲ ਬੋਲ ਅਤੇ ਸਰਲ ਰੇਲੇ ਦਾ ਉਪਯੋਗ ਹੁੰਦਾ ਹੈ। ਧੁਮਕਿਟ, ਕਿਟਤਕ, ਗਦਿਗਿਨ ਧਿਰਧਿਰ ਤਿਰਕਿਟਤਕ ਆਦਿ ਸਰਲ ਬੋਲਾਂ ਦੀ ਪ੍ਰਧਾਨਤਾ ਹੁੰਦੀ ਹੈ। " 15

ਅਵਧੀ ਘਰਾਣਾ ਜੋ ਕਦਊ ਸਿੰਘ ਘਰਾਣਾਂ ਦੀ ਸ਼ਾਖ ਹੈ ਬਾਰੇ ਡਾ.ਅਨਾਮਿਕਾ ਕੁਮਾਰੀ ਲਿਖਦੇ ਹਨ ਕਿ "ਇੱਸ ਅਧਿਆਤਮਿਕ ਘਰਾਣੇ ਵਿੱਚ ਪਖਾਵਜ ਦਾ ਆਰੰਭ ਦੇਵੀ ਦੇਵਤਿਆਂ ਦੀ ਸਤੂਤੀ ਪਰਨ ਨਾਲ ਕੀਤਾ ਜਾਂਦਾ ਹੈ । ਬੋਲ ਵਜਾਉਣ ਤੋਂ ਪਹਿਲਾ ਪੜੰਤ ਵੀ ਕੀਤੀ ਜਾਂਦੀ ਹੈ ਤੇ ਗਣੇਸ਼ ਪਰਣ, ਸ਼ਿਵ ਪਰਣ, ਵਿਸ਼ਨੂੰ ਪਰਣ ਅਤੇ ਦੁਰਗਾ ਪਰਣ ਵਜਾਈ ਜਾਂਦੀ ਹੈ। " 16

ਨਾਥ ਦੁਵਾਰਾ ਘਰਾਣੇ ਦੀ ਪਰੰਪਰਾ ਬਾਰੇ ਡਾ. ਅਨਾਮਿਕਾ ਕੁਮਾਰੀ ਲਿਖਦੇ ਹਨ ਕਿ , ਪੰ. ਡਾਲ ਚੰਦ ਸ਼ਰਮਾਂ ਇਸ ਘਰਾਣੇ ਦਾ ਨਿਵੇਦਨ ਕਰ ਰਹੇ ਹਨ। "ਪਖਾਵਜ ਦਾ ਆਰੰਭ ਗਣੇਸ਼ ਵੰਦਨਾਂ ਜਾਂ ਸਤੂਤੀ ਪਰਣ ਨਾਲ ਹੁੰਦਾ ਹੈ । ਘਿਨਾਨਕ ਦਾ ਵਿਸ਼ੇਸ਼ ਬਾਜ ਵਜਾਇਆ ਜਾਂਦਾ ਹੈ। ਧਾ ਕਿਟਤਕ ਤਾ ਕਿਟਤਕ ,ਕਿਟਕ ਦੂੰ ਅਤੇ ਕਿਟਧੇਤ ਬੋਲ ਪ੍ਰਯੋਗ ਹੁੰਦੇ ਹਨ। "17

ਇੱਨ੍ਹਾਂ ਸਾਰੇ ਘਰਾਣਿਆਂ ਦੀ ਵਾਦਨ ਸ਼ੈਲੀ ਆਪਸ ਵਿੱਚ ਕਿਤੇ ਕਿਤੇ ਮੇਲ ਖਾਂਦੀ ਹੈ ਪ੍ਰਤੂੰ ਪੰਜਾਬ

ਘਰਾਣੇ ਦੇ ਪਖਾਵਜ ਦੀ ਵਾਦਨ ਸ਼ੈਲੀ ਇਨਾਂ ਸਾਰਿਆਂ ਘਰਾਣਿਆਂ ਤੋਂ ਇੱਕ ਦਮ ਵੱਖਰੀ ਹੈ ਜੋ ਸਾਰਿਆਂ ਘਰਾਣਿਆਂ ਤੋਂ ਪੁਰਾਤਨ ਤੇ ਉਤੱਮ ਮੰਨੀ ਗਈ ਹੈ। ਪੰਜਾਬ ਘਰਾਣੇ ਦੀ ਪਖਾਵਜ ਦੀ ਬੈਠਕ, ਥਾਪ ਦਾ ਢੰਗ, ਸੋਲੋ ਪਖਾਵਜ ਦੀ ਪੇਸ਼ਕਾਰੀ ਦਾ ਅੰਦਾਜ਼ ਦੂਸਰੇ ਘਰਾਣਿਆ ਨਾਲੋ ਇੱਕ ਦਮ ਅੱਲਗ ਹੈ ਜਿਸ ਕਰਕੇ ਪੰਜਾਬ ਘਰਾਣਾਂ ਬਾਬਾ ਕਾਦਿਰ ਬਖਸ਼ ਪਖਾਵਜੀ (ਅਕਬਰ ਕਾਲ) ਦੇ ਸ਼ੁਧ ਬਾਜ ਨੂੰ ਸਮਰਪਿਤ ਰਿਹਾ ਹੈ। ਪੰਜਾਬ ਘਰਾਣੇ ਦੀਆਂ ਕੁੱਝ ਵਿਸ਼ੇਸ਼ ਵਿਲੱਖਣਤਾਵਾਂ ਇਸ ਪ੍ਰਕਾਰ ਹਨ ਜੋ ਮੇਰੇ ਉਸਤਾਦ ਜੀ ਸੰਗੀਤ ਅਚਾਰੀਆ ਉਸਤਾਦ ਲਛਮਨ ਸਿੰਘ ਸੀਨ ਜੀ ਤੋਂ ਪ੍ਰਾਪਤ ਹੋਈਆਂ ਹਨ :-

1. ਪੰਜਾਬ ਘਰਾਣੇ ਦੀ ਲਾਹੌਰ ਬਾਜ ਦੇ ਸਿਲਸਿਲੇ ਵਿੱਚ 'ਘੇੜਾਂ-' ਹਰਫ਼ ਪ੍ਰਮੁੱਖ ਹੈ ।ਇੱਸ ਬਾਜ ਵਿੱਚ ਹਰਫ਼ਾਂ ਅਤੇ ਫ਼ਿਰਕਿਆਂ ਦਾ ਬੰਦਿਸ਼ਾਂ ਵਿੱਚ ਇਸ ਤਰ੍ਹਾਂ ਪ੍ਰਯੋਗ ਹੁੰਦਾ ਹੈ ਕਿ ਇੱਕ ਦਾ ਜ਼ੁਆਬ ਦੂਸਰਾ ਦੇ ਰਿਹਾ ਹੁੰਦਾ ਹੈ।

2. ਪਖਾਵਜ ਦੀ ਬੈਠਕ ਇੱਸ ਪ੍ਰਕਾਰ ਹੁੰਦੀ ਹੈ ਕਿ ਇੱਕ ਲੱਤ ਦਾ ਗੋਡਾ ਪਖਾਵਜ ਦੀ ਗੋਗੜ ਉੱਤੇ ਅਤੇ ਦੂਜੀ ਲੱਤ ਦੇ ਪੈਰ ਦੀ ਅੱਡੀ ਇੱਸ ਤਰ੍ਹਾਂ ਟਿਕਾਈ ਜਾਂਦੀ ਹੈ ਕਿ ਪਖਾਵਜੀ ਦੀ ਪਖਾਵਜ ਤੇ ਪਕੜ ਰਹੇ।

3. ਥਾਪ ਇਸ ਪ੍ਰਕਾਰ ਲਗਾਈ ਜਾਂਦੀ ਹੈ ਕਿ 'ਤਾ' ਹਰਫ਼ ਦੀ ਅਵਾਜ ਗੋਲ ਅਤੇ ਗੂੰਜਦਾਰ ਰਹੇ।

4. ਲੰਮੇਰੀਆਂ ਗਤਾਂ (ਬੰਦਿਸ਼ਾਂ) ਵਿਕਟ ਲੈਕਾਰੀਆਂ ਵਿੱਚ ਅਤੇ ਛੰਦ ਬੱਧ ਹੁੰਦੀਆਂ ਹਨ।

5. ਪੰਜਾਬ ਘਰਾਣੇ ਦੀ ਖ਼ਾਸੀਅਤ ਹੈ ਕਿ ਪਖਾਵਜ ਦੇ ਤਾਲਾਂ ਦੇ ਠੇਕਿਆਂ ਦੀਆਂ ਸ਼ਕਲਾਂ ਵੀ ਜੋ ਦੂਜੇ ਘਰਾਣਿਆਂ ਤੋਂ ਵੱਖਰੀਆਂ ਹਨ। ਤਾਲ ਦੇ ਸਿਧਾਂਤ ਮੁਤਾਬਿਕ ਜ਼ਰਬਾਂ ਅਤੇ ਖਾਲੀ ਹਿੱਸਿਆਂ ਦਾ ਖਾਸ ਧਿਆਨ ਰੱਖਿਆ ਜਾਂਦਾ ਹੈ ।ਖਾਲੀ ਮਾਤ੍ਰਾ ਨੂੰ ਖਾਲੀ ਰਖਿਆ ਜਾਂਦਾ ਹੈ ਭਾਵ ਖਾਲੀ ਮਾਤ੍ਰਾ ਤੇ ਕੋਈ ਬੋਲ ਨਹੀ ਵਜਾਇਆ ਜਾਂਦਾ ਜਿਸ ਕਰਕੇ ਤਾਲ ਦੀ ਚਾਲ ਬਰਕਰਾਰ ਰਹਿੰਦੀ ਹੈ।

6. ਇਸ ਬਾਜ ਵਿੱਚ "ਘੇੜਾਂ"ਮੁੱਖ ਹਰਫ਼ ਹੈ, ਦੁੰਗ, ਤਕਿਟ, ਧਿਕਿਟ, ਕਿੜਤਕਤਾ-, ਕਤਾ-ਕ, ਧੇਤ, ਤਕ੍, ਧਿਟਤਿਟ, ਨਾਟ ਤਤਾ, ਘੇੜਾ-ਨ੍ ,ਤੜਾ-ਨ੍, ਤਿਰਕਿਟਤਕਤਾ-, ਘਿੜਨਗ, ਧਿਰਧਿਰ ਕਿਟਤਕ, ਤਿਕ੍ ਕੜਾਂ-ਨ੍, ਤਿਟਕਤਾ-ਕ ਅਤੇ ਗੇਦੂੰ ਕਿਟ ਆਦਿ ਹਰਫ਼ਾਂ ਅਤੇ ਫ਼ਿਕਰਿਆਂ ਦਾ ਪ੍ਰਯੋਗ ਹੁੰਦਾ ਹੈ ।

7. ਪੰਜਾਬ ਘਰਾਣੇ ਦੀ ਪਖਾਵਜ ਦੀ ਸੋਲੋ ਵਾਦਨ ਦਾ ਆਗਾਜ਼ ਦੂਜੇ ਘਰਾਣਿਆਂ ਵਾਂਗ ਗਣੇਸ਼ ਪਰਣ ਜਾਂ ਸਤੂਤੀ ਪਰਣ ਨਾਲ ਬਿਲਕੁਲ ਨਹੀਂ ਹੰਦਾ ਸਗੋਂ ਪੰਜਾਬ ਘਰਾਣੇ ਦੇ ਪਖਾਵਜੀ ਸੋਲੋ ਵਾਦਨ ਦਾ ਅਗਾਜ਼ ਪ੍ਰਭਾਵਸ਼ਾਲੀ ਸਲਾਮੀ ਗਤ ਵਜਾ ਕੇ ਵਾਦਨ ਦੀ ਬੁਨਿਆਦ ਫ਼ਰਸ਼ਬੰਦੀ ਜ਼ਰੀਏ ਕਰਦੇ ਹਨ ਜਿਸ ਦੁਆਰਾ ਪੰਜਾਬ ਘਰਾਣੇ ਦੀ ਵਿਲੱਖਣਤਾ ਤੇ ਪਹਿਚਾਣ ਦਾ ਮੁਜ਼ਹਿਰਾ ਕਰਦੇ ਲੈਕਾਰੀਆਂ ਦੇ ਜ਼ਰੀਏ ਈਜ਼ਾਫ਼ਾ ਕੀਤਾ ਜਾਂਦਾ ਹੈ। ਫ਼ਰਸ਼ਬੰਦੀ ਦੌਰਾਨ ਪਖਾਵਜੀ ਵਲੋਂ ਅਨੇਕਾਂ ਮੁਕਾਮ ਲਗਾਏ ਹਨ। ਪਖਾਵਜੀ ਦੀ ਮਰਜ਼ੀ ਹੁੰਦੀ ਹੈ ਕਿ ਕਿੰਨੇ ਅਰਸੇ ਦੇ ਮੁਕਾਮ ਲਗਾਉਣੇ ਹਨ ਅਤੇ ਕਿੰਨੇ ਮੁਕਾਮ ਲਗਾਉਣੇ ਹਨ। ਫ਼ਰਸ਼ਬੰਦੀ ਤੋਂ ਬਾਅਦ ਕਾਇਦੇ ਬਾਜੀ ਹੁੰਦੀ ਹੈ। ਪਖਾਵਜੀ ਖ਼ਾਸ ਕਾਇਦਿਆਂ ਜ਼ਰੀਏ ਕਾਇਦੇ ਦਾ ਅਨੇਕਾਂ ਬੰਦਾਂ ਜ਼ਰੀਏ ਈਜ਼ਾਫ਼ਾ ਕਰਦਾ ਹੋਇਆ ਦੋ ਜਾਂ ਚਾਰ ਅਰਸੇ ਦਾ ਮੁਕਾਮ ਲਗਾਉਂਦਾ ਹੈ। ਕਾਇਦੇ ਬਾਜੀ ਤੋਂ ਬਾਅਦ ਪਖਾਵਜੀ ਆਪਣੇ ਘਰਾਣੇਂ ਦੀਆਂ ਨਾਜ਼ਾਬ ਬੰਦਿਸ਼ਾਂ-ਗਤਾਂ, ਫ਼ਰਮਾਇਸ਼ੀ ਚਕਰਦਾਰ, ਕਮਾਲੀ ਚਕਰਦਾਰ, ਜੋੜੇ ਦੀਆਂ ਗਤਾਂ, ਤਿੰਨ ਦਰਜ਼ੇ ਦੀ ਗਤ, ਚਾਰ ਦਰਜ਼ੇ ਦੀ ਗਤ, ਯਤਾਂ ਦੇ ਅਧਾਰਿਤ ਬੰਦਿਸ਼ਾਂ ਅਤੇ ਛੰਦਾਂ ਤੇ ਅਧਾਰਿਤ ਬੰਦਿਸ਼ਾਂ ਆਦਿ ਦਾ ਮੁਜ਼ਾਹਿਰਾ ਕਰਦਾ ਹੈ। ਆਖ਼ਿਰ ਵਿੱਚ ਰੇਲਾ ਪੇਸ਼ ਕਰਦਿਆਂ ਪ੍ਰਭਾਵਸ਼ਾਲੀ ਮੁਕਾਮ ਵਜਾ ਕੇ ਪਖਾਵਜ ਵਾਦਨ ਦੀ ਸਮਾਪਤੀ ਕੀਤੀ ਜਾਂਦੀ ਹੈ।

8. ਰਿਵਾਇਤ ਮੁਤਾਬਿਕ ਪਖਾਵਜ ਦੇ ਕਾਰੀਗਰਾਂ ਨੂੰ ਪਖਾਵਜ ਤਿਆਰ ਕਰਾਉਣ ਜਾਂ ਦਰੁਸਤ ਕਰਵਾਉਣ ਤੋਂ ਪਹਿਲਾਂ ਇਸ ਬਾਜ ਦੇ ਪਖਾਵਜੀ ਬਾ-ਅਦਬ ਨਜ਼ਰ ਦਿੰਦੇ ਹਨ।

**ਸ਼ਿੱਟਾ :** ਆਖਿਰ ਵਿੱਚ ਇਸ ਸਿੱਟੇ ਤੇ ਪਹੁੰਚਦੇ ਹਾਂ ਕਿ ਪੰਜਾਬ ਘਰਾਣੇ ਦੇ ਸਿਲਸਿਲੇ ਦੇ ਆਦਿ ਪੁਰਖ

ਬਾਬਾ ਕਾਦਿਰ ਬਖਸ਼ ਪਖਾਵਜੀ ਦੀ ਪਖਾਵਜ ਸ਼ੈਲੀ ਹਰੇਕ ਪੱਖੋਂ ਬਹੁੱਤ ਮਹਾਨ ,ਉਤਮ, ਸ਼ੁਧ ਤੇ ਨਿਵੇਕਲੀ ਹੈ ਜੋ ਪੰਜਾਬ ਘਰਾਣੇ ਦੇ ਉਸਤਾਦਾਂ ਵਲੋਂ ਸਦੀਆਂ ਦਾ ਸਫ਼ਰ ਕਰਦਿਆਂ ਪੀੜ੍ਹੀ ਦਰ ਪੀੜ੍ਹੀ ਸ਼ੰਭਾਲੀ ਤੇ ਪ੍ਰਚਾਰੀ ਗਈ। ਪਖਾਵਜ ਦੇ ਇਸ ਅਮੀਰ ਵਿਰਸੇ ਨੂੰ ਸੰਭਾਲਣ ਦੀ ਅਤਿਅੰਤ ਲੋੜ ਹੈ। ਉਮੀਦ ਹੈ ਕਿ ਇਹ ਖੋਜ-ਪੱਤਰ ਵਿਦਵਾਨਾਂ, ਖੋਜ ਵਿਦਿਆਰਥੀਆਂ ਅਤੇ ਸੰਗੀਤ ਪ੍ਰੇਮੀਆਂ ਲਈ ਫ਼ਇਦੇਮੰਦ ਹੋ ਨਿਬੜੇਗਾ।

# 340, ਸੰਗੀਤ ਵਿਲਾਸ, ਬੇਦੀ ਕਲੋਨੀ, ਧਾਰੀਵਾਲ
ਜਿਲ੍ਹਾ: ਗੁਰਦਾਸਪੁਰ, ਪੰਜਾਬ (ਭਾਰਤ)
ਫੋਨ ਨੰ: +91-98143 49658
Mail: harbhajansinghdhariwal@gmail.com

## ਸੰਦਰਭ ਸੂਚੀ

1. ਬਚਿਤਰ ਨਾਟਕ, ਸਤਵਾਂ ਅਧਿਆਇ – ਗੁਰੂ ਗੋਬਿੰਦ ਸਿੰਘ
2. ਤਬਲੇ ਦਾ ਉਦਗਮ ਵਿਕਾਸ ਤੇ ਵਾਦਨ ਸ਼ੈਲੀਆਂ, ਪੰਨਾਂ 24, ਡਾ.ਯੋਗ ਮਾਇਆ ਸ਼ੁਕਲ
3. ਸੰਗੀਤ ਨਿਬੰਧ, ਪੰਨਾਂ 157, ਡਾ. ਲਕਸ਼ਮੀ ਨਾਰਾਇਨ ਗਰਗ, ਸੰ.ਕਾ.ਹਾਥਰਸ
4. ਅਵਨੱਧ ਵਾਦੋਂ ਮੇਂ ਧਵਨੀ ਵਿਕਾਸ, ਪੰਨਾਂ 150-51, ਡਾ. ਅਨਾਮਿਕਾ ਕੁਮਾਰੀ
5. ਗਰਮਤਿ ਸੰਗੀਤ ਅਧੁਨਿਕ ਪਰਿਪੇਖ, ਪੰਨਾਂ 270, ਸੰਪਾਦਿਕ ਪ੍ਰਿੰਸੀਪਲ ਸੁੱਖਵੰਤ ਸਿੰਘ
6. ਉਸਤਾਦ ਲਛਮਨ ਸਿੰਘ ਸੀਨ ਪੰਜਾਬ ਘਰਾਣਾਂ ਤੋਂ ਪ੍ਰਾਪਤ ਜਾਣਕਾਰੀ
7. ਸੰਗੀਤ ਤਬਲਾ ਅੰਕ ਪੰਨਾਂ 73, ਸੰ. ਕਾ. ਹਾਥਰਸ
8. ਖੁਸ਼ਰੋ ,ਤਾਨਸੈਨ ਤਥਾ ਅਨਯ ਕਲਾਕਾਰ ਪੰਨਾਂ 236,ਅਚਾਰੀਆ ਬ੍ਰਿਹਿਸਪਤੀ
9. ਪਖਾਵਜ ਔਰ ਤਬਲਾ ਕੇ ਘਰਾਣੇ ਐਵ ਪੰਰਪਰਾਏ, ਪੰਨਾਂ 34, ਡਾ. ਅਬਾਨ ਈ ਮਿਸਤ੍ਰੀ
10. ਸੰਗੀਤ ਆਚਾਰੀਆ ਉਸਤਾਦ ਲਛਮਨ ਸਿੰਘ ਸੀਨ ਜੀਤੋਂ ਪ੍ਰਾਪਤ ਜਾਣਕਾਰੀ
11. ਪਖਾਵਜ ਔਰ ਤਬਲਾ ਕੇ ਘਰਾਨੇ ਐਵ ਪਰੰਪਰਾਏ, ਪੰਨਾ 33, ਡਾ. ਅਬਾਨ ਈ ਮਿਸਤ੍ਰੀ
12. ਉਸਤਾਦ ਲਛਮਨ ਸਿੰਘ ਸੀਨ ਤੋਂ ਪ੍ਰਾਪਤ ਜਾਣਕਾਰੀ
13. ਤਾਲ ਵਾਦ ਸ਼ਾਸ਼ਤਰ, ਪੰਨਾਂ 134, ਡਾ. ਮਨੋਹਰ ਬਲਚੰਦਰ ਰਾਵ ਮਰਾਠੇ
14. ਅਵਨਧ ਵਾਦੋ ਮੇਂ ਧਵਨੀ ਵਿਕਾਸ, ਪੰਨਾਂ 185, ਡਾ.ਅਨਾਮਿਕਾ ਕੁਮਾਰੀ
15. ਸੰਗੀਤ ਵਿਸ਼ਾਰਦ, ਪੰਨਾਂ407, ਵਸੰਤ, ਸੰਗੀਤ ਕਾਰਆਲਯ, ਹਾਥਰਸ
16. ਤਾਲ ਵਾਦ ਸ਼ਾਸ਼ਤਰ, ਪੰਨਾਂ 138, ਡਾ. ਮਨੋਹਰ ਬਾਲਬੰਦਰ ਰਾਵ ਮਰਾਠੇ
17. ਅਵਨਧ ਵਾਦੋ ਮੈ ਧਵਨੀ ਵਿਕਾਸ, ਪੰਨਾਂ 188-90, ਡਾ. ਅਨਾਮਿਕਾ ਕੁਮਾਰੀ ।

**ਸੀਨੀਅਰ ਰਿਸਰਚ ਫੈਲੋ – ਨਾਦ ਮਿਊਜਿਕ ਇੰਸਟੀਟਿਊਟ ਅਮਰੀਕਾ**
**ਪਖਾਵਜੀ ਲਾਹੌਰ ਬਾਜ ਪੰਜਾਬ ਘਰਾਣਾ**

# ਤਿੰਨ ਤਾਲ: ਕਾਇਦਾ ਸੀਰੀਜ਼

**ਪ੍ਰੋਫ਼ੈਸਰ ਹਰਭਜਨ ਸਿੰਘ ਧਾਰੀਵਾਲ**
(ਲਾਹੌਰ ਬਾਜ ਪੰਜਾਬ ਘਰਾਣਾ)

ਤਬਲਾ ਵਿਦਿਆਰਥੀਆਂ ਲਈ ਲੜੀਵਾਰ **ਤਿੰਨ ਤਾਲ** ਕਾਇਦਾ ਸੀਰੀਜ਼ ਅਧੀਨ **ਕਾਇਦਾ ਨੰ: 06** ਦੇ ਰਿਹਾ ਹਾਂ ਜਿਸ ਦਾ ਇਜ਼ਾਫ਼ਾ 10 ਬੰਧਾਂ (ਪਲਟਿਆਂ) ਤਹਿਤ ਹੈ ਅਤੇ ਆਖ਼ਿਰ ਵਿੱਚ ਕਾਇਦੇ ਦਾ ਮੁਕਾਮ ਚਕਰਦਾਰ ਹੈ ਜਿਸ ਦੇ ਤਿੰਨ ਪੱਲੇ ਹਨ ਤਿੰਨਾਂ ਪੱਲਿਆਂ ਵਿੱਚ ਬੇਦਮ ਤੀਆ ਹੈ। ਤਿਟ ਦਾ ਬੋਲ 'ਚਲ' ਹੈ। ਕੁੱਝ ਬੋਲਾਂ ਦੀ ਪੜੰਤ ਅਤੇ ਬਜੰਤ ਵਿੱਚ **ਫ਼ਰਕ** ਹੁੰਦਾ ਹੈ। ਇੱਸ ਕਾਇਦੇ ਵਿੱਚ 'ਪੜੰਤ' ਦਾ ਬੋਲ 'ਤਿਕ' ਅਤੇ 'ਕਿਟ' ਹੈ ਪਰ ਬਜੰਤ ਦਾ ਬੋਲ ਦੋਵਾਂ ਹਾਲਤਾਂ ਵਿੱਚ 'ਤਿਟ' ਹੈ। ਇਸ ਕਾਇਦੇ ਵਿੱਚ ਸਫ਼ੈਦੀ ਨਾਲੋਂ ਸਿਆਹੀ ਦਾ ਜ਼ਿਆਦਾ ਪ੍ਰਭਾਵ ਰਹੇਗਾ। ਇਸ ਕਾਇਦੇ ਦੇ ਅਭਿਆਸ ਨਾਲ ਸਿਆਹੀ ਅਤੇ ਲੈਅ ਤੇ ਅਧਿਕਾਰ ਹੋ ਜਾਂਦਾ ਹੈ। ਕਾਇਦੇ ਦੇ ਨਿਕਾਸ ਜਾਂ ਹੋਰ ਜਾਣਕਾਰੀ ਲਈ ਸਿੱਖਆਰਥੀ ਮੈਨੂੰ ਫੋਨ ਕਰ ਸਕਦੇ ਹਨ।

### ਕਾਇਦਾ # 06

ਧਾਤਿ ਕਧਿ ਕਿਟ ਧਾੜ, ਘਿਨਾ ਨਗ ਤਿਨਾ ਕਿਨਾ ।
ਤਾਤਿ ਕਤਿ ਕਿਟ ਤਾੜ, ਘਿਨਾ ਨਗ ਧਿਨਾ ਗਿਨਾ॥

### ਦੋਹਰਾ

ਧਾਤਿਕਧਿ ਕਿਟਧਾੜ, ਧਾਤਿਕਧਿ ਕਿਟਧਾੜ, ਧਾਤਿਕਧਿ ਕਿਟਧਾੜ ਘਿਨਾਨਗ ਤਿਨਾਕਿਨਾ ।
ਤਾਤਿਕਤਿ ਕਿਟਤਾੜ ਤਾਤਿਕਤਿ ਕਿਟਤਾੜ,ਧਾਤਿਕਧਿ ਕਿਟਧਾੜ ਘਿਨਾਨਗ ਧਿਨਾਗਿਨਾ ॥

### ਬੰਧ # 1

ਧਾੜਗਿਨਾ ਧਾੜਗਿਨਾ ਧਾਤਿਕਧਿ ਕਿਟਧਾੜ, ਧਾਤਿਕਧਿ ਕਿਟਧਾੜ ਘਿਨਾਨਗ ਤਿਨਾ ਕਿਨਾ ।
ਤਾੜਕਿਨਾ ਤਾੜਕਿਨਾ ਤਾਤਿਕਤਿ ਕਿਟਤਾੜ ਧਾਤਿਕਧਿ ਕਿਟਧਾੜ ਘਿਨਾਨਗ ਧਿਨਾਗਿਨਾ ॥

### ਬੰਧ # 2

ਧਾੜਧਾਤਿ ਕਧਿਕਿਟ ਧਾੜਗਿਨਾ ਧਾੜਗਿਨਾ, ਧਾਤਿਕਧਿ ਕਿਟਧਾੜ ਘਿਨਾਨਗ ਤਿਨਾਕਿਨਾ।
ਤਾੜਤਾਤਿ ਕਤਿਕਿਟ ਤਾੜਕਿਨਾ ਤਾੜਕਿਨਾ, ਧਾਤਿਕਧਿ ਕਿਟਧਾੜ ਘਿਨਾਨਗ ਧਿਨਾਗਿਨਾ ॥

### ਬੰਧ # 3

ਧਾਤਿਕਧਿ ਕਿਟਧਾੜ ਗਿਨਾਧਾਤਿ ਕਧਿਕਿਟ, ਧਾਤਿਕਧਿ ਕਿਟਧਾੜ ਘਿਨਾਨਗ ਤਿਨਾਕਿਨਾ ।
ਤਾਤਿਕਤਿ ਕਿਟਤਾੜ ਕਿਨਾਤਾਤਿ ਕਤਿਕਿਟ, ਧਾਤਿਕਧਿ ਕਿਟਧਾੜ ਘਿਨਾਨਗ ਧਿਨਾਗਿਨਾ ॥

### ਬੰਧ # 4

ਧਾਤਿਕਧਿ ਕਿਟਧਾਤਿ ਕਧਿਕਿਟ ਧਾੜਗਿਨਾ, ਧਾਤਿਕਧਿ ਕਿਟਧਾੜ ਘਿਨਾਨਗ ਤਿਨਾਕਿਨਾ ।
ਤਾਤਿਕਤਿ ਕਿਟਤਾਤਿ ਕਤਿਕਿਟ ਤਾੜਕਿਨਾ, ਧਾਤਿਕਧਿ ਕਿਟਧਾੜ ਘਿਨਾਨਗ ਧਿਨਾਗਿਨਾ ॥

### ਬੰਧ # 5

ਧਾੜਗਿਨਾ ਧਾਤਿਕਧਿ ਕਿਟਧਾਤਿ ਕਧਿਕਿਟ, ਧਾਤਿਕਧਿ ਕਿਟਧਾੜ ਘਿਨਾਨਗ ਤਿਨਾਕਿਨਾ ।
ਤਾੜਕਿਨਾ ਤਾਤਿਕਤਿ ਕਿਟਤਾਤਿ ਕਤਿਕਿਟ, ਧਾਤਿਕਧਿ ਕਿਟਧਾੜ ਘਿਨਾਨਗ ਧਿਨਾਗਿਨਾ ॥

**ਬੰਧ # 6**

ਧਾਤਿਕਧਿ ਕਿਟਧਾਤਿ ਕਧਿਕਿਟ ਧਾਤਿਕਧਿ, ਕਿਟਧਾੜ ਘਿਨਾਨਗ ਘਿਨਾਨਗ ਤਿਨਾਕਿਨਾ ।
ਤਾਤਿਕਤਿ ਕਿਟਤਾਤਿ ਕਤਿਕਿਟ ਤਾਤਿਕਤਿ, ਕਿਟਧਾੜ ਘਿਨਾਨਗ ਘਿਨਾਨਗ ਧਿਨਾਗਿਨਾ ॥

**ਬੰਧ # 7**

ਧਾਤਿਕਧਿ ਕਿਟਕਤਿ ਕਧਿਕਿਟ ਧਾੜਗਿਨਾ, ਘਿਨਾਨਗ ਘਿਨਾਨਗ ਘਿਨਾਨਗ ਤਿਨਾਕਿਨਾ ।
ਤਾਤਿਕਤਿ ਕਿਟਕਤਿ ਕਤਿਕਿਟ ਤਾੜਕਿਨਾ, ਘਿਨਾਨਗ ਘਿਨਾਨਗ ਘਿਨਾਨਗ ਧਿਨਾਗਿਨਾ ॥

**ਬੰਧ # 8**

ਧਾੜਗਿਨਾ ਧਾਤਿਕਧਿ ਕਿਟਕਤਿ ਕਧਿਕਿਟ, ਕਤਿਕਧਿ ਕਿਟਧਾੜ ਘਿਨਾਨਗ ਤਿਨਾਕਿਨਾ ।
ਤਾੜਕਿਨਾ ਤਾਤਿਕਤਿ ਕਿਟਕਤਿ ਕਤਿਕਿਟ, ਕਤਿਕਧਿ ਕਿਟਧਾੜ ਘਿਨਾਨਗ ਧਿਨਾਗਿਨਾ ॥

**ਬੰਧ # 9**

ਧਾਤਿਕਧਿ ਕਿਟਕਤਿ ਕਧਿਕਿਟ ਕਤਿਕਧਿ, ਕਿਟਕਤਿ ਕਧਿਕਿਟ ਘਿਨਾਨਗ ਤਿਨਾਕਿਨਾ ।
ਤਾਤਿਕਤਿ ਕਿਟਕਤਿ ਕਤਿਕਿਟ ਕਤਿਕਤਿ, ਕਿਟਕਤਿ ਕਧਿਕਿਟ ਘਿਨਾਨਗ ਧਿਨਾਗਿਨਾ ॥

**ਬੰਧ # 10**

ਕਤਿਕਧਿ ਕਿਟਕਤਿ ਕਧਿਕਿਟ ਕਤਿਕਧਿ, ਕਿਟਧਾੜ ਘਿਨਾਨਗ ਘਿਨਾਨਗ ਤਿਨਾਕਿਨਾ ।
ਕਤਿਕਤਿ ਕਿਟਕਤਿ ਕਤਿਕਿਟ ਕਤਿਕਤਿ ਕਿਟਧਾੜ ਘਿਨਾਨਗ ਘਿਨਾਨਗ ਧਿਨਾਗਿਨਾ ॥

**ਕਾਇਦੇ ਦਾ ਮੁਕਾਮ (ਤੀਆ ਚਕਰਦਾਰ)**

ਕਤਿਕਧਿ ਕਿਟਕਤਿ ਕਧਿਕਿਟ ਕਤਿਕਧਿ ਕਿਟਧਾੜ ਧਾ-ਕਤਿ ਕਧਿਕਿਟ ਧਾੜਧਾ- ਕਤਿਕਧਿ ਕਿਟਧਾੜ ਧਾ---, ਕਤਿਕਧਿ ਕਿਟਕਤਿ ਕਧਿਕਿਟ ਕਤਿਕਧਿ ਕਿਟਧਾੜ ਧਾ-ਕਤਿ ਕਧਿਕਿਟ ਧਾੜਧਾ- ਕਤਿਕਧਿ ਕਿਟਧਾੜ ਧਾ----, ਕਤਿਕਧਿ ਕਿਟਕਤਿ ਕਧਿਕਿਟ ਕਤਿਕਧਿ ਕਿਟਧਾੜ ਧਾ-ਕਤਿ ਕਧਿਕਿਟ ਧਾੜਧਾ- ਕਤਿਕਧਿ ਕਿਟਧਾੜ । ਧਾ

# 340, ਸੰਗੀਤ ਵਿਲਾਸ, ਬੇਦੀ ਕਲੋਨੀ,
ਧਾਰੀਵਾਲ -143519
ਜਿਲ੍ਹਾ; ਗੁਰਦਾਸਪੁਰ ਪੰਜਾਬ (ਭਾਰਤ)
ਫੋਨ: +91-98143 49658
Email: harbhajansinghdhariwal@gmail.com

**ਡਾ. ਜਾਗੀਰ ਸਿੰਘ**
**ਦੀ ਨਵੀਂ ਪੁਸਤਕ**




ਕਿਤਾਬ ਨੂੰ ਮੰਗਵਾਉਣ ਲਈ ਹੇਠ ਦਿੱਤੇ ਗਏ ਪਤੇ
**ਸਪਤਰਿਸ਼ੀ ਪਬਲੀਕੇਸ਼ਨਜ਼,** # 25/6, ਇੰਡਸਟ੍ਰੀਅਲ ਏਰੀਆ,
ਫੇਸ-2, ਚੰਡੀਗੜ ਅਤੇ ਨੰ: ਤੇ ਸੰਪਰਕ **7717465715,**
**9463836591** ਕਰਕੇ ਕਿਤਾਬਾਂ ਨੂੰ ਮੰਗਵਾ ਸਕਦੇ ਹੋ।

RNI Regd. No. 46788/89 ISSN 0972-2335

www.alpoverseas.com

ALP OVERSEAS

# EPDM MAT
*For Life*

Anti-fungal, Anti-microbial & Non Toxic

UV Resistant

Excellent Floor Grip Property

Long Life

100% Biodegradable





## OUR OTHER PRODUCTS



Door Mat | Car Mat | Scooter Mat | Truck Mud Flap | Shower Mat

EPDM Granules | PP Tiles | EPDM Acoustic Underlay | Rubber Tiles | Gym Mat

**Corporate Office:** #32, Sector-18 HUDA, Gurgaon, Haryana - 122015

+91-124-4731500 marketing@alpoverseas.com

MAKE IN INDIA

आत्मनिर्भर भारत